ਵਾਰਿਸ ਸ਼ਾਹ

391.4

ਗੁਰਚਰਨ ਸਿੰਘ

Pb
891.421 4
W 25 G

ਭਾਰਤੀਯ
ਸਾਹਿੱਤ ਦੇ

P
891.4214
W25G

INDIAN INSTITUTE
OF
ADVANCED STUDY
LIBRARY, SHIMLA

ਵਾਰਿਸ ਸ਼ਾਹ

ਅਸਤਰ 'ਤੇ ਮੂਰਤੀ ਕਲਾ ਦਾ ਜੋ ਇਹ ਪ੍ਰਤਿਰੂਪ ਪੇਸ਼ ਕੀਤਾ ਗਿਆ ਹੈ, ਇਸ ਵਿਚ ਵਿਖਾਏ ਗਏ ਦ੍ਰਿਸ਼ ਵਿਚ ਤਿੰਨ ਜੋਤਸ਼ੀ ਰਾਜਾ ਸ਼ੁਧੋਦਨ ਨੂੰ ਮਹਾਤਮਾ ਬੁੱਧ ਦੀ ਮਾਤਾ—ਮਹਾਰਾਣੀ ਮਾਯਾ ਦੇ ਸੁਪਨੇ ਦੀ ਵਿਆਖਿਆ ਕਰ ਕੇ ਦੱਸ ਰਹੇ ਹਨ। ਉਹਨਾਂ ਦੇ ਹੇਠਾਂ ਇਕ ਮੁਨਸ਼ੀ ਬੈਠਾ ਹੈ, ਜੋ ਵਿਆਖਿਆ ਲਿਖਦਾ ਜਾ ਰਿਹਾ ਹੈ। ਸ਼ਾਇਦ ਆਦਿ ਕਾਲ ਦੀ ਭਾਰਤੀ ਚਿਤ੍ਰਕਲਾ ਦਾ ਚਿਤ੍ਰ-ਰੂਪ ਵਿਚ ਪ੍ਰਾਪਤ ਇਹੀ ਰਿਕਾਰਡ ਹੈ।

ਨਾਗਾਰਜੁਨ ਕੌਂਡਾ, ਦੂਸਰੀ ਸਦੀ ਈਸਵੀ

ਧੰਨਵਾਦ ਸਹਿਤ : ਨੈਸ਼ਨਲ ਮਿਊਜ਼ੀਅਮ, ਨਵੀਂ ਦਿਲੀ

ਭਾਰਤੀ ਸਾਹਿਤ ਦੇ ਨਿਰਮਾਤਾ

ਵਾਰਿਸ ਸ਼ਾਹ

ਲੇਖਕ

ਗੁਰਚਰਨ ਸਿੰਘ

ਅਨੁਵਾਦਕਾ

ਰਾਜਿੰਦਰ ਕੌਰ ਭਸੀਨ

ਸਾਹਿਤ ਅਕਾਦੇਮੀ

Warris Shah : Punjabi translation by Rajinder Kaur Bhasin of Gurcharan Singh's monograph in English, Sahitya Akademi, New Delhi (1996), Rs. 15.

© ਸਾਹਿਤ ਅਕਾਦੇਮੀ

P
891.4214
W 25 G

ਪਹਿਲੀ ਵਾਰ : 1990
Reprinted : 1995,1996

ਸਾਹਿਤ ਅਕਾਦੇਮੀ

ਮੁੱਖ ਦਫ਼ਤਰ

ਰਵਿੰਦਰ ਭਵਨ, 35 ਫੀਰੋਜ਼ਸ਼ਾਹ ਮਾਰਗ, ਨਵੀਂ ਦਿੱਲੀ 110 001

ਵਿਕਰੀ ਕੇਂਦਰ : ਸਵਾਤੀ, ਮੰਦਿਰ ਮਾਰਗ, ਨਵੀਂ ਦਿੱਲੀ 110 001

ਪ੍ਰਦੇਸ਼ਿਕ ਦਫ਼ਤਰ

ਜੀਵਨਤਾਰਾ ਬਿਲਡਿੰਗ, ਚੌਥੀ ਮੰਜ਼ਿਲ, 23-ਏ 44 ਐਕਸ,
ਡਾਇਮੰਡ ਹਾਰਬਰ ਰੋਡ, ਕਲਕੱਤਾ 700 053

172, ਮੁੰਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ, ਦਾਦਰ, ਬੰਬਈ 400 014

ਗੁਨਾ ਬਿਲਡਿੰਗ, ਦੂਸਰੀ ਮੰਜ਼ਿਲ, 304-305, ਅੰਨਾ ਸਲਾਈ, ਤੇਨਾਮਪੇਟ,
ਮਦਰਾਸ 600 018

ਏ. ਡੀ. ਏ. ਰੰਗਮੰਦਿਰ, 109, ਜੇ. ਸੀ. ਰੋਡ, ਬੰਗਲੌਰ 560 002

ਮੁੱਲ : 15 ਰੁਪਏ

ਪ੍ਰਿੰਟਰਜ਼
ਵਿਮਲ ਆਫਸੈਟ
1/11804 ਪੰਚਸ਼ੀਲ ਗਾਰਡਨ
ਨਵੀਨ ਸ਼ਾਹਦਰਾ, ਦਿੱਲੀ 110032

116254
23/11/04
Library IIAS, Shimla
P 891.421 4 W 25 G
00116254

ਤਤਕਰਾ

1. ਜੀਵਨੀ 7
2. ਪਿਛੋਕੜ 9
3. ਹੀਰ ਦੀ ਕਹਾਣੀ ਵਾਰਿਸ ਦੀ ਜ਼ਬਾਨੀ 13
4. ਪੰਜਾਬ ਦੀ ਕਿੱਸਾ ਪਰੰਪਰਾ 16
5. ਵਾਰਿਸ ਦੇ ਪੂਰਵਗਾਮੀ 19
6. ਆਲੋਚਨਾਤਮਕ ਮੁਲੰਕਣ 23
7. ਕਲਾਮ ਵਾਰਿਸ ਸ਼ਾਹ 27

ਜੀਵਨੀ

ਵਾਰਿਸ ਸ਼ਾਹ ਹੋਰੀਂ ਵਾਰਿਸ ਦੇ ਨਾਂ ਕਰ ਕੇ ਹੀ ਜਾਣੇ ਜਾਂਦੇ ਹਨ। ਇਨ੍ਹਾਂ ਨੇ ਪੰਜਾਬੀ ਦੀ ਮੰਨੀ-ਪ੍ਰਮੰਨੀ ਪ੍ਰੇਮ-ਕਹਾਣੀ 'ਹੀਰ ਰਾਂਝਾ' ਦੀ ਰਚਨਾ ਕੀਤੀ। ਆਪਣੀ ਇਸ ਰਚਨਾ ਸਦਕਾ ਹੀ, ਅਜੇ ਵੀ, ਪੰਜਾਬੀ ਦੇ ਕਿੱਸਾ-ਕਵੀਆਂ ਵਿਚੋਂ ਇਹ ਸਿਰਮੌਰ ਹਨ। 'ਕਿੱਸਾ' ਦੇ ਲਫ਼ਜ਼ੀ ਅਰਥ ਹਨ, 'ਬਿਰਤਾਂਤ', 'ਕਹਾਣੀ' ਆਦਿ। ਵਾਰਿਸ ਹੋਰਾਂ ਸਾਰੀ ਹਯਾਤੀ ਵਿਚ ਬਸ, ਇਕੋ ਇਕ ਹੀਰ ਦੇ ਕਿੱਸੇ ਦੀ ਹੀ ਰਚਨਾ ਕੀਤੀ।

ਪੰਜਾਬੀ ਦੇ ਸੁਭਾ ਨੂੰ ਪੇਸ਼ ਕਰਨ ਵਾਲੀ ਇਸ ਪ੍ਰੇਮ-ਕਹਾਣੀ ਦੇ ਸ਼ਿਰੋਮਣੀ ਗਾਇਕ ਬਾਰੇ ਇਕ ਗੱਲ ਅਸਲੋਂ ਹੀ ਨਿਵੇਕਲੀ ਹੈ ਕਿ ਸਿਵਾਇ ਕੁਝ ਅਜਿਹੇ ਤੱਥਾਂ ਦੇ ਜੋ ਇਸ ਦੀ ਰਚਨਾ ਵਿਚ ਕਿਧਰੇ ਕਿਧਰੇ ਮਿਲਦੇ ਹਨ, ਉਸ ਦੇ ਜੀਵਨ ਬਾਰੇ ਕੋਈ ਖਬਰ ਨਹੀਂ। ਇਕ ਗੱਲ ਪੱਕੀ ਹੈ ਕਿ ਇਹ ਪਿੰਡ ਜੰਡਿਆਲਾ ਸ਼ੇਰ ਖਾਂ, ਜ਼ਿਲ੍ਹਾ ਸ਼ੇਖੂਪੁਰਾ (ਅਜ਼ਕਲ੍ਹ ਪਾਕਿਸਤਾਨ) ਦਾ ਰਹਿਣ ਵਾਲਾ ਸੀ। ਜੰਡਿਆਲਾ ਦੇ ਲਫ਼ਜ਼ੀ ਅਰਥ ਹਨ 'ਜੰਡ ਵਾਲਾ ਰੁੱਖ' ਤੇ ਸ਼ੇਰ ਖਾਂ ਇਸ ਪਿੰਡ ਦੇ ਵਸਾਉਣ ਵਾਲੇ ਦਾ ਨਾਂ ਪ੍ਰਤੀਤ ਹੁੰਦਾ ਹੈ। ਸ਼ੇਰ ਖਾ ਹਮਾਯੂੰ ਦੇ ਦੌਰ ਵਿਚ ਕੋਈ ਨਿੱਕਾ ਮੋਟਾ ਅਫਸਰ ਜਾਂ ਫਿਰ ਕੋਈ ਜਗੀਰਦਾਰ ਹੋਣਾ ਹੈ। ਇਸ ਪਿੰਡ ਦੀ ਵੱਸੋਂ ਮੁੱਖ ਤੌਰ ਤੇ ਮੁਸਲਮਾਨ ਕਿਰਸਾਣੀ ਸੀ। ਪਰ ਕੁਝ ਕੁ ਸੱਯਦ ਪਰਿਵਾਰ ਵੀ ਸਨ ਜੋ ਕਿੱਤੇ ਵਜੋਂ ਮੁੱਲਾਂ ਸਨ। ਨਾਲੇ, ਇਹ ਵੀ ਕੋਈ ਪੱਕੀ ਗੱਲ ਨਹੀਂ ਕਿ ਵਾਰਿਸ ਹੋਰਾਂ ਦਾ ਜਨਮ ਏਥੇ ਵਸਦੇ ਕਿਸੇ ਸੱਯਦ ਪਰਿਵਾਰ ਵਿਚ ਹੋਇਆ ਜਾਂ ਮਾਂ-ਪਿਉ ਨਾਲ ਆ ਕੇ ਏਥੇ ਵੱਸ ਗਏ। ਕਈ ਲੋਕਾਂ ਦਾ ਖਿਆਲ ਹੈ ਕਿ ਇਨ੍ਹਾਂ ਦਾ ਜਨਮ ਸੰਨ 1735 ਈਸਵੀ ਵਿਚ ਹੋਇਆ ਤੇ ਇਨ੍ਹਾਂ ਦੇ ਵਾਲਦ ਦਾ ਨਾਂ ਸੱਯਦ ਗੁਲਸ਼ੇਰ ਖਾਂ ਸੀ। ਕਿੱਸੇ ਵਿਚ ਵਾਰਿਸ ਸ਼ਾਹ ਹੋਰਾਂ ਆਪਣੇ ਆਪ ਨੂੰ ਜੰਡਿਆਲਾ ਸ਼ੇਰ ਖਾਂ ਦਾ ਹੀ ਰਹਿਣ ਵਾਲਾ ਦਸਿਆ ਹੈ। ਇਨ੍ਹਾਂ ਆਪਣੇ ਪਿਉ ਦਾ ਨਾਂ ਗੁਲਸ਼ੇਰ ਖਾਂ ਨਹੀਂ ਬਲਕਿ ਕੁਤਬ ਸ਼ਾਹ ਦਸਿਆ ਹੈ। ਇਨ੍ਹਾਂ ਨੇ ਆਪਣੀ ਮਜ਼ਹਬੀ ਤਾਲੀਮ ਕਸੂਰ ਵਿਚ ਜੋ ਉਹਨੀ ਦਿਨੀਂ ਇਸਲਾਮੀ ਤਾਲੀਮ ਦਾ ਮਰਕਜ਼ ਸੀ, ਮੌਲਵੀ ਮਹੀਉਦੀਨ ਪਾਸੋਂ ਹਾਸਲ ਕੀਤੀ। ਇਸ ਤੋਂ ਛੁੱਟ ਵਾਰਿਸ ਹੋਰਾਂ ਬਾਰੇ ਹੋਰ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਅਨੇਕਾਂ ਦੰਤ-ਕਥਾਵਾਂ ਪ੍ਰਚਲਿਤ ਹੋਈਆਂ ਅਤੇ ਜਿਨ੍ਹਾਂ ਦੀ ਅੱਜ ਵੀ ਬਰਾਬਰ ਚਰਚਾ ਹੁੰਦੀ ਰਹਿੰਦੀ ਹੈ ਪਰ ਉਸ ਸਾਰਿਆਂ ਉਤੇ ਬਹੁਤਾ ਭਰੋਸਾ ਨਹੀਂ ਕੀਤਾ ਜਾ ਸਕਦਾ। ਹੋਰਨਾਂ ਕਿੱਸਿਆਂ ਵਿਚ ਜੋ ਬਿਆਨ, ਸੰਕੇਤ ਅਤੇ ਹਵਾਲੇ ਮਿਲਦੇ ਹਨ ਉਹ ਵੀ ਕੋਈ ਬਹੁਤੇ ਨਹੀਂ।

ਉਨ੍ਹਾਂ ਦੇ ਜਨਮ ਦੀ ਸਹੀ ਤਾਰੀਖ, ਮਾਪਿਆਂ, ਪਰਿਵਾਰਕ ਪਿਛੋਕੜ, ਬੰਸਾਵਲੀ, ਕਿਸੇ ਬਾਰੇ ਵੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਅਹਿਮਦ ਹੁਸੈਨ ਅਹਿਮਦ ਕੁਰੇਸ਼ੀ ਪੂਰੇ ਦਾਅਵੇ ਨਾਲ ਇਹ ਕਹਿੰਦੇ ਹਨ ਕਿ ਵਾਰਿਸ ਦਾ ਜਨਮ 'ਬੁੱਚਾ ਚੱਠਾ' ਵਿਚ ਹੋਇਆ ਸੀ। ਚੌਧਰੀ ਗੁਲਾਮ ਮੁਹੰਮਦ ਦਾ ਖਿਆਲ ਹੈ ਕਿ ਵਾਰਿਸ ਹੋਰਾਂ ਦਾ ਜਨਮ ਪਿੰਡ ਝਨਾਂ ਦੇ ਕੰਢੇ ਵੱਸਦੇ ਰਸੂਲ ਨਗਰ (ਅੱਜ ਕਲ੍ਹ ਰਾਮ ਨਗਰ) ਹੈ। ਇਸ ਪ੍ਰਕਾਰ ਵਾਰਿਸ ਦੇ ਜੀਵਨ ਕਾਲ, ਜਨਮ ਤੇ ਮੌਤ ਦੀ ਤਾਰੀਖ ਬਾਰੇ ਵੱਖ-ਵੱਖ ਰਾਵਾਂ ਮਿਲਦੀਆਂ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਵਾਰਿਸ ਨੇ ਕੁਝ ਸੀਹਰਫੀਆਂ ਦੀ ਰਚਨਾ ਕੀਤੀ ਪਰ ਇਹ ਧਾਰਨਾ ਵੀ ਕਿਆਸ ਤੋਂ ਵੱਧ ਮਾਇਨੇ ਨਹੀਂ ਰਖਦੀ। ਕਿੱਸੇ ਦੇ ਸੰਨ 1180 ਹਿਜਰੀ ਵਿਚ ਮੁਕੰਮਲ ਹੋਣ ਬਾਰੇ ਗੱਲ ਪੱਕੀ ਹੈ। ਘਟੋ ਘੱਟ ਇਸ ਬਾਰੇ ਕੋਈ ਮੱਤਭੇਦ ਨਹੀਂ। ਇਸ ਦੌਰਾਨ ਵਾਰਿਸ ਪਿੰਡ ਮਲਿਕਾ ਹਾਂਸ, ਜ਼ਿਲ੍ਹਾ ਮਿੰਟਗੁਮਰੀ (ਅੱਜ ਕਲ੍ਹ ਪਾਕਿਸਤਾਨ) ਵਿਚ ਨਿਵਾਸ ਕਰ ਰਿਹਾ ਸੀ। ਇਹ ਖਬਰ ਕਿੱਸੇ ਦੇ ਅਖੀਰ ਵਿਚ ਹੀ ਦਿਤੀ ਗਈ ਹੈ।

ਕਈਆਂ ਦਾ ਖਿਆਲ ਹੈ ਕਿ ਵਾਰਿਸ ਹੋਰਾਂ ਮਜ਼ਹਬੀ ਤਾਲੀਮ ਮਸ਼ਹੂਰ ਪੀਰ ਮੌਲਵੀ ਗੁਲਾਮ ਕਾਦਰ ਹੋਰਾਂ ਪਾਸੋਂ ਹਾਸਿਲ ਕੀਤੀ। ਬਾਅਦ ਵਿਚ ਆਪ ਪਾਕਪਟਨ ਚਲੇ ਗਏ, ਜਿਥੇ ਉਨ੍ਹਾਂ ਨੇ ਚਿਲੇ ਕਟੇ ਤੇ ਉਨ੍ਹਾਂ ਨੂੰ ਆਪਣੇ ਮਜ਼ਹਬੀ ਮੁਰਸ਼ਦ ਸ਼ੇਖ ਫਰੀਦ ਸ਼ਕਰ ਗੰਜ ਦੀ ਦਰਗਾਹ ਉਤੇ ਰਮਜ਼ ਭਰੇ ਤਜ਼ਰਬੇ ਹੋਏ। ਵਾਰਿਸ ਸ਼ਾਹ ਹੋਰਾਂ ਸੰਕੇਤ ਵੀ ਕੀਤਾ ਹੈ ਕਿ ਉਨ੍ਹਾਂ ਦਾ ਤਅਲੁਕ ਸੂਫੀਆਂ ਦੇ ਹਨਫੀ ਟੋਲੇ ਨਾਲ ਸੀ। ਵੀਹਵੀਂ ਸਦੀ ਦੇ ਸ਼ੁਰੂ ਦੇ ਅੱਦਬੀ ਇਤਿਹਾਸਕਾਰ ਤੇ ਅੱਦਬੀ ਆਲੋਚਕ ਮੌਲਾ ਬਖਸ਼ ਕੁਸ਼ਤਾ ਹੋਰਾਂ ਦਾ ਖਿਆਲ ਹੈ ਕਿ ਫਿਰ ਵਾਰਿਸ ਹੋਰੀਂ ਪਾਕਪਟਨ ਛੱਡ ਕੇ ਠੱਠਾ ਜ਼ਾਹਿਦ ਚਲੇ ਗਏ ਤੇ ਏਥੇ ਇਕ ਪੁਰਾਣੀ ਮਸਜਿਦ ਵਿਚ ਬਤੌਰ ਮੌਲਵੀ ਦੇ ਰਹਿਣ ਲਗੇ। ਏਥੋਂ ਹੀ ਉਹ ਮਲਿਕਾ ਹਾਂਸ, ਜੋ ਪਾਕਪਟਨ ਤੋਂ ਬਹੁਤ ਦੂਰੇਡੇ ਨਹੀਂ ਗਏ। ਏਥੇ ਹੀ ਆ ਕੇ ਉਨ੍ਹਾਂ ਨੇ ਪ੍ਰੇਮ-ਕਹਾਣੀ ਦੀ ਰਚਨਾ ਕੀਤੀ ਜਿਸ ਨੇ ਉਨ੍ਹਾਂ ਨੂੰ ਅਮਰ ਕਰ ਦਿਤਾ। ਸਾਰੇ ਹਵਾਲਿਆਂ ਤੋਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਵਾਰਿਸ ਸ਼ਾਹ ਪੰਜਾਬ ਦੇ ਪੂਰਬੀ ਖਿੱਤੇ (ਅੱਜ ਕਲ੍ਹ ਪਾਕਿਸਤਾਨ) ਦੇ ਵਾਸੀ ਨਹੀਂ ਸਨ। ਉਹ, ਅਸਲ ਵਿਚ, ਲਾਹੌਰ ਦੇ ਦੱਖਣ-ਪੱਛਮੀ ਇਲਾਕੇ ਵਿਚ ਪੈਦਾ ਹੋਏ ਸਨ ਤੇ ਕਸੂਰ ਵਿਚ ਤਾਲੀਮ ਹਾਸਿਲ ਕਰਨ ਮਗਰੋਂ ਪੱਛਮ ਵਿਚ ਪਾਕਪਟਨ ਜਾਂ ਇਸ ਦੇ ਇਰਦ-ਗਿਰਦ ਵਾਲੇ ਇਲਾਕੇ ਵਿਚ ਚਲੇ ਗਏ ਸਨ।

ਕੀ ਉਨ੍ਹਾਂ ਦਾ ਕਦੇ ਕਿਸੇ ਨਾਲ ਇਸ਼ਕ ਹੋਇਆ ਸੀ? ਇਕ ਮਿੱਥ ਅਨੁਸਾਰ ਕੋਈ ਭਾਗਭਰੀ ਨਾਂ ਦੀ ਕਿਸਾਨ ਕੁੜੀ ਨਾਲ ਵਾਰਿਸ ਸ਼ਾਹ ਦੇ ਇਸ਼ਕ ਦੀ ਗੱਲ ਅਕਸਰ ਤੋਰੀ ਜਾਂਦੀ ਹੈ। ਲਗਦਾ ਹੈ ਇਹ ਵੀ ਕਿਆਸ ਹੀ ਹੈ।

ਪਿਛੋਕੜ

ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਸਾਮਰਾਜੀ ਸੂਰਤ ਇਖਤਿਆਰ ਕਰਨ ਮਗਰੋਂ, ਪੂਰਬ ਵਿਚ, ਬੰਗਾਲ ਵਲੋਂ ਦਿੱਲੀ ਵਲ ਵੱਧਣ ਲੱਗੀ। ਇਸ ਤਰ੍ਹਾਂ ਉਹ ਇਲਾਕਾ ਦਰ ਇਲਾਕਾ ਫ਼ਤਹਿ ਕਰਦੀ ਗਈ। ਪੰਜਾਬ ਹਿੰਦੁਸਤਾਨ ਦੇ ਪੱਛਮ ਵਿਚ, ਅਫਗਾਨਿਸਤਾਨ ਦੀ ਸਰਹੱਦ ਉਤੇ ਪੈਂਦਾ ਸੀ। ਪੰਜਾਬ ਦੀ ਅਠਾਰਵੀਂ ਸਦੀ ਦੇ ਅੰਤ ਵਿਚ ਅਜਿਹੀ ਰਾਜਸੀ, ਸਮਾਜਕ ਤੇ ਮਜ਼ਹਬੀ ਉਥਲ ਪੁਥਲ ਹੋਈ ਕਿ ਇਸ ਦੀ ਸ਼ਕਲ ਵੀ ਪਛਾਣਨੀ ਔਖੀ ਹੋ ਗਈ। ਬਾਵਜੂਦ ਇਸ ਸਾਰੇ ਕਾਸੇ ਦੇ, ਸੋ ਵਰ੍ਹੇ ਦਾ ਇਹ ਦੌਰ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਸਭ ਨਾਲੋਂ ਅਮੀਰ ਮੰਨਿਆ ਜਾਂਦਾ ਹੈ। ਸਿੱਖਾਂ ਦੇ ਦੱਸਵੇਂ ਅਤੇ ਆਖਰੀ (ਦੇਹਧਾਰੀ) ਗੁਰੂ, ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਨੇ ਸੰਨ 1699 ਈਸਵੀ ਵਿਚ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਸੀ ਤੇ ਵਾਰਿਸ ਸ਼ਾਹ ਇਸੇ ਦੌਰ ਵਿਚ ਹੀ ਹੋਏ। ਸੂਫ਼ੀ ਫਕੀਰ ਬੁਲ੍ਹੇ ਸ਼ਾਹ ਮੁਕਬਲ ਤੇ ਗੀਤਕਾਰ ਅਲੀ ਹੈਦਰ ਤੇ ਹਮੀਦ ਸ਼ਾਹ ਅੱਬਾਸੀ ਵੀ ਇਸੇ ਦੌਰ ਦੇ ਜੰਮਪਲ ਸਨ। ਨਜ਼ਾਬਤ, ਜਿਸ ਨੇ ਨਾਦਰ ਸ਼ਾਹ ਦੇ ਦਿੱਲੀ ਉਤੇ ਹਮਲੇ ਤੇ ਪੰਜਾਬ ਵਿਚੋਂ ਕੂਚ ਨੂੰ ਬਿਆਨਿਆ, ਵੀ ਇਸੇ ਦੌਰਾਨ ਵਿਚ ਜੰਮਿਆ ਤੇ ਪਲਿਆ। ਕਈ ਹੋਰ ਕਵੀ ਵੀ ਇਸੇ ਕਾਲ ਵਿਚ ਹੋਏ। ਬਾਵਜੂਦ ਇਸ ਦੇ ਕਿ ਪੰਜਾਬ ਦਾ ਲਹੂ ਚੋਅ ਰਿਹਾ ਸੀ, ਇਥੇ ਗੜਬੜੀ ਸੀ ਤੇ ਸਭ ਕੁਝ ਖੇਰੂੰ ਖੇਰੂੰ ਹੋ ਰਿਹਾ ਸੀ ਅਤੇ ਅਮਨ ਤੇ ਠਹਿਰਾਉ ਦਾ ਨਾਂ-ਨਿਸ਼ਾਨ ਨਹੀਂ ਸੀ, ਪੰਜਾਬੀ ਦੀ ਬੇਹਤਰੀਨ, ਰਹੱਸਵਾਦੀ, ਰੁਮਾਂਟਿਕ, ਪ੍ਰਗੀਤਾਤਮਕ ਤੇ ਬੀਰ ਰਸੀ ਕਵਿਤਾ ਇਸੇ ਦੌਰ ਵਿਚ ਲਿਖੀ ਗਈ।

ਇਸ ਸਦੀ ਦਾ ਆਰੰਭ ਗੁਰੂ ਗੋਬਿੰਦ ਸਿੰਘ ਤੋਂ ਤੇ ਅੰਤ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉਤੇ ਕਬਜ਼ੇ ਨਾਲ ਹੋਇਆ। ਸਿੱਖਾਂ ਦੇ ਦਸਵੇਂ ਤੇ ਆਖਰੀ ਗੁਰੂ ਨੇ ਆਜ਼ਾਦੀ ਦੀ ਮੁਹਿੰਮ ਚਲਾਈ। ਇਨ੍ਹਾਂ ਦੀ 1708 ਵਿਚ ਮੌਤ ਮਗਰੋਂ, ਬੈਰਾਗੀ ਜੋ ਪਰਵਰਤਿਤ ਹੋ ਕੇ ਬੰਦਾ ਸਿੰਘ ਬਹਾਦਰ ਬਣ ਗਿਆ ਸੀ, ਨੇ 1708 ਤੋਂ 1716 ਤਕ ਇਸ ਮੁਹਿੰਮ ਨੂੰ ਜਾਰੀ ਰਖਿਆ। ਉਨ੍ਹੇ ਸਰਹੰਦ ਉਤੇ 1710 ਵਿਚ ਚੜ੍ਹਾਈ ਕੀਤੀ, ਇਸ ਦੇ ਗਵਰਨਰ ਨਵਾਬ ਵਜ਼ੀਰ ਖਾਂ ਨੂੰ ਕੈਦ ਵਿਚ ਲਿਆ। ਇਹ ਉਹ ਹੀ ਨਵਾਬ ਸੀ ਜਿਸ ਨੇ ਗੁਰੂ ਜੀ ਨੂੰ ਦੁੱਖ ਦਿਤੇ ਸਨ ਤੇ ਉਨ੍ਹਾਂ ਦੀ ਮਾਤਾ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਮੌਤ ਦਾ ਕਾਰਣ ਬਣਿਆ ਸੀ। ਕੁਝ ਹੀ ਸਾਲਾਂ ਦੇ ਅੰਦਰ ਬੰਦਾ ਬਹਾਦਰ ਨੇ ਜਮਨਾ ਤੋਂ ਪਾਰ ਦੀ ਮੁਗਲੀਆ ਸਲਤਨਤ ਦੀਆਂ ਜੜ੍ਹਾਂ ਉਖਾੜ

ਦਿਤੀਆਂ । ਸਹਾਰਨਪੁਰ ਤੋਂ (ਜੋ ਉੱਤਰ ਪ੍ਰਦੇਸ਼ ਵਿਚ ਹੈ) ਇਹ ਸਿਲਸਿਲਾ ਸ਼ੁਰੂ ਹੋਇਆ । ਕਰਨਾਲ (ਅੱਜ ਕਲ੍ਹ ਹਰਿਆਣਾ) ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਤੇ ਅਗਾਂਹ ਉੱਤਰ ਵਿਚ ਪਠਾਨਕੋਟ ਤੇ ਗੁਰਦਾਸਪੁਰ — ਇਹ ਸਾਰੇ ਇਲਾਕੇ ਆਪਣੇ ਕਬਜ਼ੇ ਵਿਚ ਲੈ ਲਏ । ਬਹਾਦਰ ਸ਼ਾਹ ਨੇ, ਜੋ ਔਰੰਗਜ਼ੇਬ ਤੋਂ ਮਗਰੋਂ ਗੱਦੀ ਤੇ ਬੈਠਾ, ਝਟ ਹੀ ਮਹਾਂਰਾਸ਼ਟਰ ਤੋਂ ਉੱਤਰ ਵਲ ਕੂਚ ਕੀਤਾ । ਉਸ ਨੇ ਸਿੱਖਾਂ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੇ ਨਾਲ ਨਾਲ ਸਰਕਾਰ ਦੇ ਹਿੰਦੂ ਮੁਲਾਜ਼ਮਾਂ ਨੂੰ ਦਾੜ੍ਹੀਆਂ ਮੁਨਵਾਉਣ ਦੇ ਹੁਕਮ ਜਾਰੀ ਕਰ ਦਿਤੇ । ਫਰਖ਼ਸੀਅਰ ਜੋ 1713 ਵਿਚ ਗੱਦੀ ਤੇ ਬੈਠਾ, ਨੇ ਅਬਦੁੱਸਮਦ ਖਾਂ ਤੇ ਉਸ ਦੇ ਪੁੱਤਰ ਜ਼ਕਰੀਆ ਖਾਂ ਨੂੰ ਕ੍ਰਮਵਾਰ ਲਾਹੌਰ ਤੇ ਜੰਮੂ ਦਾ ਗਵਰਨਰ ਥਾਪ ਦਿਤਾ । ਦੋਹਾਂ ਨੂੰ, ਸਿੱਖਾਂ ਨੂੰ ਜੜ੍ਹੋਂ ਉਖਾੜਨ ਦਾ ਕੰਮ ਸੌਂਪਿਆ ਗਿਆ । ਦਿੱਲੀ ਦਰਬਾਰ ਦੀ ਹਾਲਤ ਤੇਜ਼ੀ ਨਾਲ ਨਿਘਰਦੀ ਗਈ । ਲਾਹੌਰ ਦੀ ਗਵਰਨਰੀ ਜ਼ਕਰੀਆ ਖਾਂ ਨੂੰ ਤੇ ਬਾਅਦ ਵਿਚ ਇਸ ਦੇ ਦੋ ਪੁੱਤਰਾਂ ਯਹੀਆ ਖਾਂ ਤੇ ਸ਼ਾਹਨਵਾਜ਼ ਨੂੰ ਦਿਤੀ ਗਈ । ਫਿਰ ਮੀਰ ਮੰਨੂੰ ਦਾ ਦੌਰ ਆਇਆ ਜੋ ਸਿੱਖਾਂ ਲਈ ਕਹਿਰ ਸਾਬਤ ਹੋਇਆ । ਉਨ੍ਹੀਂ ਦਿਨੀਂ ਉੱਤਰ-ਪੂਰਬ ਵਾਲੇ ਪਾਸਿਉਂ ਨਾਦਰ ਸ਼ਾਹ ਆ ਧਾਇਆ ਜਿਸ ਨੇ 1738 ਵਿਚ ਹਮਲਿਆਂ ਦੇ ਸਿਲਸਿਲੇ ਦੀ ਸ਼ੁਰੂਆਤ ਕੀਤੀ । 1748 ਤੇ 1767 ਦੇ ਦੌਰਾਨ ਅਹਿਮਦ ਸ਼ਾਹ ਅਬਦਾਲੀ ਨੇ ਨੌਂ ਵਾਰ ਪੰਜਾਬ ਨੂੰ ਤਹਿਸ ਨਹਿਸ ਕੀਤਾ । ਉਹ ਜਦੋਂ ਵੀ ਪੰਜਾਬੋਂ ਦਿੱਲੀ ਵਲ ਹਮਲਾਵਰਾਂ ਨਾਲ ਕੂਚ ਕਰਦਾ ਤੇ ਪਰਤਦਾ, ਪ੍ਰਸ਼ਾਸਨ ਤਹਿਸ-ਨਹਿਸ ਹੋ ਜਾਂਦਾ । ਇਨ੍ਹਾਂ ਹਮਲਿਆਂ ਦੇ ਵਿਚ-ਵਿਚਾਲੇ ਉਹ ਸਿੱਖ ਸੂਰਮਿਆਂ ਦਾ ਬੀਜ ਨਾਸ ਕਰਨ ਦੇ ਕਈ ਉਪਰਾਲੇ ਕਰਦਾ ਰਿਹਾ । ਏਨਾ ਕੁਝ ਹੋਣ ਦੇ ਬਾਵਜੂਦ ਸਿੱਖ ਜੱਥੇ ਨਾ ਸਿਰਫ ਕਾਇਮ ਰਹੇ ਬਲਕਿ ਉਹਨਾਂ ਨੇ 1757 ਵਿਚ ਲਾਹੌਰ ਉਤੇ ਚੜ੍ਹਾਈ ਕਰਕੇ ਉਸ ਉਪਰ ਕਬਜ਼ਾ ਵੀ ਕਰ ਲਿਆ । ਇਹ ਵੱਖਰੀ ਗੱਲ ਹੈ ਕਿ ਅਬਦਾਲੀ ਕਾਰਣ ਇਨ੍ਹਾਂ ਨੂੰ ਲਾਹੌਰ ਛੇਤੀ ਹੀ ਖਾਲੀ ਕਰਨਾ ਪਿਆ । ਪਾਣੀਪਤ ਦੀ ਲੜਾਈ ਨੂੰ ਜਿੱਤਣ ਮਗਰੋਂ ਜਦ ਉਹ ਵਾਪਸ ਪਰਤ ਰਿਹਾ ਸੀ, ਤਾਂ ਉਸ ਨੇ ਮਲੇਰ ਕੋਟਲੇ ਦੇ ਨੇੜੇ ਅਚਾਨਕ ਹਮਲਾ ਕਰਕੇ ਲੱਗ ਭਗ ਸਾਰੀ ਸਿੱਖ ਆਬਾਦੀ ਦਾ ਸਫਾਇਆ ਕਰ ਦਿਤਾ । ਇਹ ਗੱਲ 5 ਫਰਵਰੀ, 1762 ਦੀ ਹੈ । ਅਬਦਾਲੀ ਨੇ ਆਖਰੀ ਹਮਲਾ 1767 ਵਿਚ ਕੀਤਾ ਜਦੋਂ ਸਿੱਖ ਸੂਰਬੀਰਾਂ ਨੇ ਉਸ ਦੇ ਫੌਜੀ ਦਸਤਿਆਂ ਦਾ ਪਿਸ਼ਾਵਰ ਤਕ ਪਿਛਾ ਕੀਤਾ ਤੇ ਮੁੜ-ਮੁੜ ਉਹਨਾਂ ਨੂੰ ਕੁੱਟਦੇ ਤੇ ਲੁੱਟਦੇ ਰਹੇ । ਅਠਾਰ੍ਹਵੀਂ ਸਦੀ ਦੇ ਅੰਤ ਤਕ ਸਿੱਖਾਂ ਦੀ ਬਗਾਵੱਤ ਰੰਗ ਲਿਆਈ ਤੇ ਇਸ ਤਰ੍ਹਾਂ ਵਿਦੇਸ਼ੀ ਰਾਜ ਦੀਆਂ ਜੜ੍ਹਾਂ ਪੁੱਟ ਦਿਤੀਆਂ ਗਈਆਂ ।

ਜੋ ਕੁਝ ਪੰਜਾਬ ਵਿਚ ਹੁੰਦਾ ਰਿਹਾ ਜੇਕਰ ਉਹ ਸਾਰਾ ਬਿਆਨ ਕੀਤਾ ਜਾਏ ਤਾਂ ਡਰ ਹੈ ਕਿ ਇਹ ਵਾਰਤਾ ਕਿਧਰੇ ਬੇਤੁਕੀ ਨਾ ਲਗਣ ਲਗ ਪਏ । ਇਸ ਸਮੇਂ ਨਾਲੋਂ ਵਧੇਰੇ ਬਦਅਮਨੀ ਦੇ ਸਮੇਂ ਦੀ ਕਲਪਨਾ ਕਰਨੀ ਮੁਸ਼ਕਿਲ ਹੈ । ਇਹ ਗੱਲ ਸਵੈ-ਵਿਰੋਧੀ ਵੀ ਲਗੇਗੀ ਪਰ ਸੱਚਾਈ ਇਹੋ ਹੈ ਕਿ ਇਸੇ ਖ਼ੂਨ-ਖਰਾਬੇ ਤੇ ਧੂੰਧੂਕਾਰੇ ਦੇ ਆਲਮ ਵਿਚ ਵਾਰਿਸ ਨੇ ਉੱਤਮ ਕਾਵਿ-ਰਚਨਾ ਕੀਤੀ । ਏਨਾ ਹੀ ਨਹੀਂ, ਇਹ

ਵੀ ਮੰਨਿਆ ਜਾਂਦਾ ਹੈ ਕਿ ਉਹ ਆਪਣੇ ਢੇਰ ਸਾਰੇ ਸਰੋਤਿਆਂ ਨੂੰ ਜਦ ਆਪਣਾ ਕਲਾਮ ਸੁਣਾਉਂਦਾ ਤਾਂ ਉਹ ਕੀਲੇ ਜਾਂਦੇ । ਉਸ ਆਪਣੇ ਮਮੂੱਚੇ ਕਲਾਮ ਨੂੰ ਮਹਾਨਤਾ ਦੇ ਅਜਿਹੇ ਸਿਖਰ ਤੇ ਪਹੁੰਚਾ ਦਿਤਾ ਕਿ ਇਤਿਹਾਸ ਵਿਚ ਇਸ ਦੀ ਮਕਬੂਲੀਅਤ ਦੀ ਮਿਸਾਲ ਮਿਲਣੀ ਮੁਸ਼ਕਿਲ ਹੋ ਗਈ । ਇਹ ਗੱਲ ਮੰਨਣੀ ਔਖੀ ਹੈ ਪਰ ਇਹ ਸੱਚ ਹੈ ਕਿ ਇਸੇ ਸਮੇਂ ਵਿਚ ਹੀ ਵਾਰਿਸ ਹੋਇਆ ਤੇ ਉਸ ਨੇ 'ਹੀਰ' ਦੇ ਕਿੱਸੇ ਦੀ ਰਚਨਾ ਕੀਤੀ । ਕਈ ਹੋਰ ਕਿੱਸਾਕਾਰ ਤੇ ਉੱਚ ਕੋਟੀ ਦੇ ਪ੍ਰਗੀਤਕਾਰ ਪੰਜਾਬ ਦੀ ਏਸੇ ਗੜ-ਬੜੀ ਵਾਲੀ ਸਦੀ ਦੇ ਦੇਣ ਹੋਏ । ਇਹ ਸਭ ਕੁਝ ਕਿਵੇਂ ਸੰਭਵ ਹੋ ਸਕਿਆ, ਇਸ ਸੰਬੰਧੀ ਕਾਇਲ ਕਰਨ ਵਾਲੇ ਕਾਰਨਾਂ ਦੀ ਮੰਗ ਕੀਤੀ ਜਾਂਦੀ ਹੈ । ਇਸੇ ਦਿਸ਼ਾ ਵਿਚ ਜਤਨ ਕੀਤਾ ਜਾ ਸਕਦਾ ਹੈ ।

ਦਰਅਸਲ ਉਸ ਵੇਲੇ ਵੀ ਕਾਫੀ ਸਾਰੇ ਇਲਾਕੇ ਅਜਿਹੇ ਸਨ ਜਿਥੇ ਅਮਨ ਚੈਨ ਕਾਇਮ ਸੀ । ਸਿੱਖ ਸੂਰਮਿਆਂ ਤੇ ਹਾਕਮ ਨਵਾਬਾਂ ਅਤੇ ਧਾੜਵੀਆਂ ਦਰਮਿਆਨ ਮੁੱਠ-ਭੇੜਾਂ ਹੁੰਦੀਆਂ ਰਹੀਆਂ । ਲੋੜ ਪੈਣ ਤੇ ਸਥਾਨਕ ਹਾਕਮ ਦਿੱਲੀ ਤੇ ਕਾਬਲ ਦੇ ਹਾਕਮਾਂ ਦੇ ਗੇੜੇ ਮਾਰ ਲੈਂਦੇ । ਲਾਹੌਰ, ਕਸੂਰ ਤੇ ਮੁਲਤਾਨ, ਇਹਨਾਂ ਸ਼ਹਿਰਾਂ ਦੀ ਮੁਸਲਮਾਨ ਵੱਸੋਂ ਨੂੰ ਕਾਫੀ ਅਮਨ-ਅਮਾਨ ਹਾਸਲ ਸੀ । ਨਾਲੇ ਕਾਬਲ, ਦਿੱਲੀ ਤੇ ਲਾਹੌਰ ਵਿਚ ਹੁੰਦੀਆਂ ਗੜਬੜਾਂ ਦਾ ਪੰਜਾਬ ਦੀ ਹਿੰਦੂ ਤੇ ਮੁਸਲਮਾਨ ਵੱਸੋਂ ਉਪਰ ਕੋਈ ਅਸਰ ਨਹੀਂ ਸੀ ਪੈਂਦਾ । ਖਾਸ ਕਰਕੇ ਮੁਸਲਮਾਨ ਵੱਸੋਂ ਵਾਲੇ ਇਲਾਕਿਆਂ ਵਿਚ ਜਿਹੜੇ ਫੌਜੀ ਅੱਡਿਆਂ ਤੋਂ ਹਟ ਕੇ ਮਰਕਜ਼ੀ ਪੰਜਾਬ ਵਿਚ ਪੈਂਦੇ ਸਨ । ਖੈਰ, ਗੜਬੜਾਂ ਭਾਵੇਂ ਉਹ ਕਿੰਨੀਆਂ ਵੀ ਬੇਆਰਾਮ ਕਰਨ ਵਾਲੀਆਂ ਕਿਉਂ ਨਾ ਹੋਣ, ਸੂਬੇ ਦੇ ਬਾਕੀ ਹਿੱਸੇ ਵਿਚ ਰਹਿੰਦੀ ਬੇਲਾਗ ਵੱਸੋਂ ਉਪਰ ਕੋਈ ਅਸਰ ਨਹੀਂ ਸੀ ਪਾਉਂਦੀਆਂ । ਜਿਉਂ ਜਿਉਂ ਅਸੀਂ ਲਾਹੌਰ ਤੋਂ ਪਰੇਡੇ ਚਲਦੇ ਹਾਂ, ਮਾਹੌਲ ਸੁਧਰਦਾ ਹੀ ਚਲਾ ਜਾਂਦਾ ਹੈ । ਇਹ ਹੀ ਉਹ ਇਲਾਕੇ ਸਨ ਜਿਨ੍ਹਾਂ ਨੇ ਵਾਰਿਸ, ਬੁਲ੍ਹੇ ਸ਼ਾਹ, ਅਲੀ ਹੈਦਰ ਤੇ ਹੋਰ ਅਨੇਕਾਂ ਕਵੀਆਂ ਨੂੰ ਜਨਮ ਦਿਤਾ ਅਤੇ ਉਨ੍ਹਾਂ ਨੂੰ ਪਰਵਾਨ ਚੜ੍ਹਾਇਆ ।

ਇਹ ਗੱਲ ਨਹੀਂ ਕਿ ਤਲਵਾਰ ਦੀ ਦਰਦਨਾਕ ਖੇਡ ਜਿਹੜੀ ਪੰਜਾਬ ਵਿਚ ਖੇਡੀ ਜਾ ਰਹੀ ਸੀ, ਉਸ ਵਲ ਪੰਜਾਬ ਦੇ ਨਾਜ਼ਕ-ਮਿਜ਼ਾਜ ਲੋਕਾਂ ਨੇ ਧਿਆਨ ਹੀ ਨਹੀਂ ਦਿਤਾ । ਸੂਫੀ ਸ਼ਾਇਰ ਬੁਲ੍ਹੇ ਸ਼ਾਹ ਨੇ ਸਮਕਾਲੀ ਦ੍ਰਿਸ਼ ਨੂੰ ਇਹਨਾਂ ਲਫਜ਼ਾਂ ਵਿਚ ਬਿਆਨ ਕੀਤਾ ਹੈ :

(i) ਦਰ ਖੁਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ
(ii) ਮੁਗਲਾਂ ਜ਼ਹਿਰ ਪਿਆਲੇ ਪੀਤੇ
ਭੂਰੀਆਂ ਵਾਲੇ ਰਾਜੇ ਕੀਤੇ

ਬੁਲ੍ਹੇ ਸ਼ਾਹ ਤੇ ਵਾਰਿਸ ਦੋਹਾਂ ਨੇ ਵਿਗੜਦੇ ਹਾਲਾਤ ਨੂੰ ਅਨੇਕਾਂ ਸ਼ੇਅਰਾਂ ਵਿਚ ਪੇਸ਼ ਕੀਤਾ ਹੈ :

(i) ਜਦੋਂ ਦੇਸ ਤੇ ਜੱਟ ਸਰਦਾਰ ਹੋਏ,

ਘਰੋ ਘਰੀ ਜਾ ਨਵੀਂ ਸਰਕਾਰ ਹੋਈ
ਅਸ਼ਰਾਫ ਖਰਾਬ, ਕਮੀਨ ਤਾਜ਼ੀ,
ਜ਼ਿਮੀਂਦਾਰ ਨੂੰ ਵੱਡੀ ਬਹਾਰ ਹੋਈ
ਚੋਰ ਚੌਧਰੀ ਯਾਰ ਨੇ ਪਾਕ ਦਾਮਨ,
ਕੂਤ ਮੰਡਲੀ ਇਕ ਥੀਂ ਚਾਰ ਹੋਈ

(ii) ਰਾਂਝਾ—ਤੇਰੇ ਰਾਜ ਵਿਚ ਬਿਨਾਂ ਤਕਸੀਰ ਲੁਟਿਆ,
ਨਾ ਗੁਨਾਹ ਤੇ ਨਾ ਕੋਈ ਵਾਸਤਾ ਈ...

(iii) ਨਾਦਰ ਸ਼ਾਹ ਥੋਂ ਹਿੰਦ ਪੰਜਾਬ ਥਰਕੇ,
ਮੇਰੇ ਬਾਬ ਦਾ ਤੁੱਧ ਭੁੰਚਾਲ ਕੀਤੋ ।

ਇਹਨਾਂ ਹਾਲਾਤ ਵਿਚ, ਜਦੋਂ ਤਲਵਾਰਾਂ ਖੜਕ ਰਹੀਆਂ ਸਨ ਤੇ ਜਿਸਮ ਲਹੂ ਨਾਲ ਲਥਪਥ ਹੋ ਰਹੇ ਸਨ, ਉਨ੍ਹਾਂ ਸ਼ਾਇਰਾਂ ਨੇ ਜਿਨ੍ਹਾਂ ਵਿਚ ਬਹੁਤੇ ਮੁਸਲਮਾਨ ਸਨ, ਉੱਚ ਕੋਟੀ ਦੀ ਬਿਰਤਾਂਤਕ, ਪ੍ਰਗੀਤਾਤਮਕ ਤੇ ਵਰਣਨਾਤਮਕ ਕਵਿਤਾ ਦੀ ਰਚਨਾ ਕੀਤੀ । ਇਹਨਾਂ ਸ਼ਾਇਰਾਂ ਨੂੰ ਦੁਨਿਆਵੀ ਨਫਿਆਂ ਤੇ ਨੁਕਸਾਨਾਂ ਦਾ ਕੋਈ ਫਿਕਰ ਨਹੀਂ ਸੀ । ਸਿਰਫ ਮਨੁੱਖੀ ਜਜ਼ਬੇ ਵਿਚ ਆ ਕੇ ਆਪਣੀ ਤਨਹਾਈ ਨੂੰ ਕਾਇਮ ਰਖ ਸਕੇ ਤੇ ਉਹਨਾਂ ਵਿਚ ਅਜਿਹੇ ਗੜਬੜੀ ਦੇ ਮਾਹੌਲ ਵਿਚ ਵੀ ਸਿਰਜਣਾ ਕਰਨ ਦੀ ਸ਼ਕਤੀ ਨੇ ਜਨਮ ਲਿਆ । ਬੇਸ਼ਕ ਉਹ ਮਜ਼ਹਬ ਕਰਕੇ ਮੁਸਲਮਾਨ ਸਨ ਤੇ ਜਿਹੜੇ ਹਾਲਾਤ ਬਣੇ ਹੋਏ ਸਨ, ਉਨ੍ਹਾਂ ਵਿਚ ਕਿਸੇ ਉਪਰ ਵੀ ਫਿਰਕਾਪ੍ਰਸਤੀ ਦਾ ਰੰਗ ਚੜ੍ਹ ਜਾਣਾ ਕੁਦਰਤੀ ਸੀ, ਪਰ ਕਿਸੇ ਵੀ ਅਜਿਹੇ ਕਿੱਸੇ ਵਿਚ, ਜਿਹੜਾ ਇਸ ਦੌਰਾਨ ਲਿਖਿਆ ਗਿਆ, ਇਹਨਾਂ ਦਾ ਨਾਂ-ਮਾਤਰ ਵੀ ਸੰਕੇਤ ਮਿਲਣਾ ਨਾ-ਮੁਮਕਿਨ ਹੈ । ਇਹ ਇਸ ਗੱਲ ਦਾ ਨਿੱਗਰ ਪ੍ਰਮਾਣ ਹੈ ਕਿ ਅਠਾਰ੍ਹਵੀਂ ਸਦੀ ਦੇ ਪੰਜਾਬ ਵਿਚ ਹਿੰਦੂ, ਮੁਸਲਮਾਨ ਤੇ ਸਿੱਖਾਂ ਵਿਚ ਸਿਰਫ ਦਿਖਾਵੇ ਦੀ ਏਕਤਾ ਹੀ ਨਹੀਂ, ਬਲਕਿ ਅੰਦਰੂਨੀ ਏਕਤਾ ਵੀ ਕਾਇਮ ਸੀ ।

ਹੀਰ ਦੀ ਕਹਾਣੀ ਵਾਰਿਸ ਦੀ ਜ਼ਬਾਨੀ

ਵਾਰਿਸ ਨੇ ਹੀਰ-ਰਾਂਝੇ ਦੇ ਪ੍ਰੇਮ ਦਾ ਇਸ ਤਰ੍ਹਾਂ ਵਰਣਨ ਕੀਤਾ ਜਿਸ ਨਾਲ ਇਹ ਟਕਸਾਲੀ ਰੂਪ ਧਾਰਣ ਕਰ ਗਿਆ ਹੈ। ਇਹ ਬੈਂਤ ਰੂਪ ਵਿਚ ਲਿਖਿਆ ਗਿਆ ਸੀ ਜਿਸ ਨੂੰ ਵਾਰਿਸ ਤੋਂ ਪਹਿਲਾਂ ਮੁਕਬਲ ਨੇ ਇਸੇ ਨਾਮ ਦੇ ਕਿੱਸੇ ਵਿਚ ਵਰਤ ਕੇ ਇਸ ਛੰਦ ਨੂੰ ਚਾਰ ਚੰਨ ਲਾਏ ਸਨ। ਪਰ ਇਹ ਵਾਰਿਸ ਦੀ ਨਿੱਜੀ ਦੇਣ ਸੀ ਕਿ ਉਸ ਨੇ ਕਹਾਣੀ ਨੂੰ ਤਮਸੀਲੀ ਨੁਮਾਇੰਦਾ ਰੂਪ ਦੇ ਦਿੱਤਾ। ਨਾਲੇ ਅਠਾਰ੍ਹਵੀਂ ਸਦੀ ਦੇ ਪੇਂਡੂ ਪੰਜਾਬ ਦੀ ਰਹਿਣੀ ਬਹਿਣੀ ਦਾ ਭਰਪੂਰ ਵਰਣਨ ਇਸ ਤਰ੍ਹਾਂ ਕੀਤਾ ਕਿ ਇਸ ਨੂੰ ਇਕ ਸ਼ਾਨਦਾਰ ਸਿਰਜਣਾ ਦਾ ਨਿਵੇਕਲਾ ਲੱਛਣ ਬਣਾ ਕੇ ਰੱਖ ਦਿਤਾ।

ਹੀਰ ਦਾ ਕਿੱਸਾ ਹਮਦ ਨਾਲ ਸ਼ੁਰੂ ਹੁੰਦਾ ਹੈ। ਇਸ਼ਕ ਨੂੰ ਜਗ ਦਾ ਮੂਲ ਸਮਝ ਕੇ ਉਹਦੀ ਮਹਿਮਾ ਕਰਦਾ ਹੈ। ਫਿਰ ਪੈਗੰਬਰ ਦੀ ਨਾਅਤ ਉਚਾਰਦਾ ਤੇ ਉਹਦੇ ਚਾਰ ਯਾਰਾਂ ਦੀ ਗੱਲ ਕਰਦਾ ਹੈ। ਇਸ ਦੇ ਬਾਅਦ ਸੂਫੀਆਂ ਦੇ ਪ੍ਰਸਿੱਧ ਸਿਲਸਿਲੇ ਦੇ ਮੋਢੀ ਚਿਸ਼ਤੀ ਅਤੇ ਉਹਦੇ ਉਤਰਾਧਿਕਾਰੀਆਂ ਦਾ ਜ਼ਿਕਰ ਛੇੜਦਾ ਹੈ, ਇਹਨਾਂ ਵਿਚ ਪਾਕਪਟਨ ਦੇ ਬਾਬਾ ਫ਼ਰੀਦ ਦਾ ਨਾਂ ਖਾਸ ਅਕੀਦਤ ਨਾਲ ਲਿਆ ਗਿਆ ਹੈ।

ਮੁਢਲੇ ਮਜ਼ਹਬੀ ਮੰਗਲਾ-ਚਰਨ ਤੋਂ ਮਗਰੋਂ ਕਵੀ ਉਨ੍ਹਾਂ ਦੋਸਤਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੇ ਹੀਰ ਦਾ ਮੁੜ ਨਵੇਂ ਸਿਰਿਉਂ ਕਿੱਸਾ ਲਿਖਣ ਦੀ ਫ਼ਰਮਾਇਸ਼ ਕੀਤੀ ਤੇ ਕਵੀ ਨੇ ਇਸ ਫ਼ਰਮਾਇਸ਼ ਨੂੰ ਖ਼ੁਸ਼ੀ ਨਾਲ ਨੇਪਰੇ ਚਾੜ੍ਹਿਆ।

ਦ੍ਰਿਸ਼ ਤਖਤ ਹਜ਼ਾਰੇ ਦਾ ਹੈ ਜਿਥੇ ਰਾਂਝਾ ਕਬੀਲੇ ਦੇ ਜੱਟਾ ਦਾ ਰਾਜ ਹੈ। ਰਾਂਝੇ ਦਾ ਪਿਉ ਮੌਜੂ ਮਰ ਜਾਂਦਾ ਹੈ ਅਤੇ ਉਸ ਨੂੰ ਸੱਤ ਭਰਾਵਾਂ ਤੇ ਮੱਕਾਰ ਭਰਜਾਈਆਂ ਦੇ ਦੁਰ ਵਿਹਾਰ ਦੇ ਆਸਰੇ ਛੱਡ ਜਾਂਦਾ ਹੈ। ਰਾਂਝਾ ਅਖੀਰ ਵਿਚ ਦੁਖੀ ਹੋ ਕੇ ਪਿੰਡ ਛੱਡਣ ਤੇ ਮਜਬੂਰ ਹੋ ਜਾਂਦਾ ਹੈ। ਝੰਗ ਵਿਚ ਜਾਂਦਾ, ਜਿਸ ਦਾ ਸਰਦਾਰ ਨਿਆਲਾਂ ਦਾ ਚੂਚਕ ਹੈ, ਉਹ ਰਾਹ ਵਿਚ ਪੈਂਦੀ ਕਿਸੇ ਪਿੰਡ ਦੀ ਮਸਜਿਦ ਵਿਚ ਰਾਤ ਗੁਜ਼ਾਰਦਾ ਹੈ, ਜਿਥੇ ਉਸ ਦੀ ਮੋਲਵੀ ਨਾਲ ਤੂੰ-ਤੂੰ, ਮੈਂ-ਮੈਂ ਹੁੰਦੀ ਹੈ। ਮੋਲਵੀ ਉਸ ਸਮੇਂ ਦੀ ਅਧੋਗਤੀ ਦਾ ਪ੍ਰਤੀਕ ਹੈ। ਫਿਰ ਉਹ ਝਨਾਂ ਨਦੀ ਦੇ ਕੰਢੇ ਉਤੇ ਆ ਅਪੜਦਾ ਹੈ। ਲੁੱਡਣ ਮਲਾਹ ਉਸ ਨਾਲ ਬੜੀ ਹੀ ਚੰਗੀ ਤਰ੍ਹਾਂ ਪੇਸ਼ ਆਉਂਦਾ ਹੈ ਅਤੇ ਉਹਨੂੰ ਹੀਰ ਦੇ ਪਲੰਘ ਉਤੇ ਸੁਆ ਦੇਂਦਾ ਹੈ। ਏਥੇ ਹੀ ਉਹ ਨਾਇਕਾ ਨੂੰ ਬੜੇ ਨਾਟਕੀ ਮਾਹੌਲ ਵਿਚ ਮਿਲਦਾ ਹੈ। ਹੀਰ ਜੋ ਝੰਗ ਦੇ ਸਰਦਾਰ ਦੀ ਮਨਮੋਹਣੀ ਧੀ ਤੇ ਰਾਂਝੇ ਦੀ ਹੋਣੀ ਹੈ, ਉਸ ਨਾਲ ਉਸ ਦਾ ਟਾਕਰਾ ਹੁੰਦਾ ਹੈ ਅਤੇ ਪਹਿਲੀ ਮੁਲਾਕਾਤ ਵਿਚ ਹੀ ਉਹਨਾਂ

ਦਾ ਇਸ਼ਕ ਹੋ ਜਾਂਦਾ ਹੈ। ਹੀਰ ਰਾਂਝੇ ਨੂੰ ਆਪਣੇ ਪਿਉ ਕੋਲ ਲੈ ਜਾਂਦੀ ਹੈ। ਹੀਰ ਐਸੀ ਵਿਉਂਤ ਬਣਾਉਂਦੀ ਹੈ ਕਿ ਉਸ ਨੂੰ ਮੱਝਾਂ ਦਾ ਛੇੜੂ ਰਖ ਲਿਆ ਜਾਂਦਾ ਹੈ। ਉਹ ਨਦੀ ਦੇ ਕੰਢੇ ਤੇ ਬੇਲਿਆਂ ਵਿਚ ਵੱਗ ਨੂੰ ਚਾਰਣ ਲਈ ਲੈ ਜਾਂਦਾ। ਏਥੇ ਬੜੇ ਹੀ ਦਿਲਕਸ਼ ਮਾਹੌਲ ਵਿਚ ਹੀਰ ਉਸ ਲਈ ਚੂਰੀ ਲੈ ਕੇ ਜਾਂਦੀ ਹੈ ਤੇ ਇਕੱਲ ਵਿਚ ਉਸ ਨਾਲ ਇਸ਼ਕ ਰਚਾਂਦੀ ਹੈ। ਪਰ, ਇਕ ਦਿਨ ਦੋਹਾਂ ਨੂੰ ਹੀਰ ਦੇ ਲੰਡੇ ਚਾਚੇ ਕੈਦੋ ਨੇ ਵੇਖ ਲਿਆ ਤੇ ਸਾਰੀ ਕਹਾਣੀ ਹੀਰ ਦੇ ਮਾਪਿਆਂ ਨੂੰ ਜਾ ਸੁਣਾਈ। ਗੱਲ ਸਾਰੇ ਪਿੰਡ ਵਿਚ ਧੁੰਮ ਗਈ। ਨਤੀਜਾ ਇਹ ਹੋਇਆ ਕਿ ਚੂਚਕ ਨੇ ਨੇੜੇ ਦੇ ਹੀ ਪਿੰਡ ਰੰਗਪੁਰ ਖੇੜੇ ਇਕ ਜ਼ਿਮੀਂਦਾਰ ਨਾਲ, ਝੱਟਪਟ ਹੀ ਹੀਰ ਦਾ ਵਿਆਹ ਕਰ ਦੇਣ ਦਾ ਫੈਸਲਾ ਕਰ ਲਿਆ। ਇਸ ਪਿੱਛੋਂ, ਦੋਹਾਂ ਪ੍ਰੇਮੀਆਂ, ਹੀਰ ਤੇ ਉਸ ਦੇ ਮਾਪਿਆਂ ਤੇ ਭਰਾਵਾਂ ਅਤੇ ਵਿਆਹ ਸਮੇਂ ਮੌਲਵੀ ਨਾਲ ਹੋਈ ਤਿੱਖੀ ਤਕਰਾਰ ਦੇ ਦ੍ਰਿਸ਼ ਪੇਸ਼ ਹੁੰਦੇ ਹਨ। ਹੀਰ ਨੂੰ ਜ਼ਬਰਦਸਤੀ ਸਹੁਰੇ ਭੇਜ ਦਿਤਾ ਜਾਂਦਾ ਹੈ। ਇਸ ਤੋਂ ਪਹਿਲਾਂ ਰਾਂਝੇ ਦੀ 'ਪੰਜ ਪੀਰਾਂ' ਨਾਲ ਮੁਲਾਕਾਤ ਹੁੰਦੀ ਹੈ ਜੋ ਰਾਂਝੇ ਨੂੰ ਢਾਰਸ ਦੇਂਦੇ ਹਨ। ਉਸ ਦੀ ਬੰਸਰੀ ਦੀ ਮਿੱਠੀ ਧੁਨ ਸੁਣਦੇ ਹਨ। ਮਗਰੋਂ ਹੀਰ ਨੂੰ ਬਖਸ਼ਿਸ ਦੇ ਤੌਰ ਤੇ ਰਾਂਝੇ ਨੂੰ ਸੌਂਪ ਦੇਂਦੇ ਹਨ। ਆਪਣੇ ਇਮਾਨ ਵਿਚ ਪੱਕੇ ਤੇ ਆਪਣੀ ਆਖਰੀ ਜਿੱਤ ਤੇ ਖੁਸ਼ਕਿਸਮਤੀ ਵਿਚ ਪੂਰ ਯਕੀਨ ਉਹ, ਇਕ ਦੂਜੇ ਨਾਲ ਨਿਕਲ ਜਾਣ ਦਾ ਇਰਾਦਾ ਤਰਕ ਕਰਕੇ ਹਾਲਾਤ ਦਾ ਸਾਹਮਣਾ ਕਰਨ ਦੀ ਪੱਕੀ ਧਾਰ ਲੈਂਦੇ ਹਨ। ਇਹ ਸੁਝਾਅ ਵੀ ਹੀਰ ਹੀ ਪੇਸ਼ ਕਰਦੀ ਹੈ। ਵਿਆਹ ਦੇ ਮਨਜ਼ਰ ਨੂੰ ਬੜੀ ਖੁਲ੍ਹ ਕੇ ਪੇਸ਼ ਕੀਤਾ ਗਿਆ ਹੈ। ਹਾਲਾਂਕਿ ਹੀਰ ਮੁਲਾਂ ਦੇ ਸਵਾਲ ਦਾ ਕਿ ਕੀ ਉਸ ਨੂੰ ਖੇੜਾ ਕਬੂਲ ਹੈ, ਜਵਾਬ 'ਹਾਂ' ਵਿਚ ਦੇਣ ਤੋਂ ਇਨਕਾਰ ਕਰਦੀ ਹੈ, ਫਿਰ ਵੀ ਚੀਕਦੀ ਕੁਰਲਾਂਦੀ ਹੀਰ ਨੂੰ ਨਿਕਾਹ ਲਈ ਮਜਬੂਰ ਕਰ ਦਿਤਾ ਜਾਂਦਾ ਹੈ।

ਹੁਣ ਦ੍ਰਿਸ਼ ਝੰਗ ਤੋਂ ਰੰਗਪੁਰ ਵਲ ਬਦਲਦਾ ਹੈ। ਜਿਥੇ ਹੀਰ ਦੇ ਸਹੁਰੇ ਵੱਸਦੇ ਹਨ। ਰਾਂਝਾ ਵੰਝਲੀ ਛੱਡ ਕੇ ਜੋਗੀ ਬਣ ਜਾਂਦਾ ਹੈ ਅਤੇ ਬਾਲ ਨਾਥ ਦੇ 'ਟਿੱਲੇ' ਉਤੇ ਪਹੁੰਚ ਜਾਂਦਾ ਹੈ। ਇਥੇ ਉਸ ਨੂੰ ਕੰਨ-ਪਾਟੇ ਜੋਗੀਆਂ ਦੇ ਟੋਲੇ ਵਿਚ ਦਾਖਲ ਕਰ ਲਿਆ ਜਾਂਦਾ ਹੈ। ਮੁਸਲਮਾਨ ਰਾਂਝਾ ਹੁਣ ਬਿਨਾਂ ਝਿਜਕ ਦੇ ਹਿੰਦੂ ਜੋਗੀ ਬਣ ਜਾਂਦਾ ਹੈ। ਪਾਟੇ ਹੋਏ ਕੰਨਾਂ ਵਿਚ ਮੁੰਦਰਾਂ ਪਾਈਆਂ ਹੋਈਆਂ ਇਸ਼ਕ ਵਿਚ ਰਤਾ ਗੁਰੂ ਦੁਆਰਾ ਦਿਤਾ ਹੋਇਆ ਜੋਗੀਆਂ ਵਾਲਾ ਬਾਣਾ ਪਾ ਕੇ ਰਾਂਝਾ ਰੰਗਪੁਰ ਦਾ ਰਾਹ ਫੜਦਾ ਹੈ। ਹੀਰ ਦੇ ਬੂਹੇ ਤੇ ਰੰਗਪੁਰ ਵਿਚ ਹੋਈਆਂ ਘਟਨਾਵਾਂ ਦਾ ਫਿਰ ਬਿਆਨ ਕੀਤਾ ਗਿਆ ਹੈ। ਅਖੀਰ ਵਿਚ ਹੀਰ ਦੀ ਕੰਵਾਰੀ ਨਨਾਣ ਸਹਿਤੀ, ਜਿਹੜੀ ਆਪ ਵੀ ਇਸ਼ਕ ਵਿਚ ਰੱਤੀ ਹੋਈ ਹੈ, ਦੀ ਮਦਦ ਨਾਲ ਹੀਰ ਤੇ ਰਾਂਝਾ ਦੋਵੇਂ ਫਰਾਰ ਹੋਣ ਵਿਚ ਸਫਲ ਹੋ ਜਾਂਦੇ ਹਨ। ਪਰ ਇਹ ਪਤਾ ਨਹੀਂ ਸੀ ਕਿ ਜਾਣਾ ਕਿਥੇ ਹੈ ? ਨਾਲ ਹੀ ਸਹਿਤੀ ਵੀ ਆਪਣੇ ਮਹਿਬੂਬ ਮੁਰਾਦ ਬਲੋਚ ਨਾਲ ਫਰਾਰ ਹੋਣ ਵਿਚ ਕਾਮਯਾਬ ਹੋ ਜਾਂਦੀ ਹੈ। ਖੇੜਾ ਕਚੀਚੀਆਂ ਵਟਦਾ ਰਾਂਝੇ ਤੇ ਹੀਰ ਦੀ ਤਲਾਸ਼ ਵਿਚ ਨਿਕਲਦਾ ਹੈ ਤੇ ਦੋਹਾਂ ਨੂੰ ਇਕ ਉਜਾੜ ਵਿਚ ਆ ਪਕੜਦਾ ਹੈ। ਦੋਹਾਂ ਨੂੰ ਛੇਤੀ ਹੀ ਅਦਲੀ ਰਾਜੇ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ ਹੈ। ਮੌਲਵੀ

ਖੇੜਿਆਂ ਦੀ ਹਮਾਇਤ ਕਰਦਾ ਹੈ ਅਤੇ ਹੀਰ ਨੂੰ ਉਸ ਦੇ ਸਹੁਰੇ ਘਰ ਭੇਜ ਦਿਤਾ ਜਾਂਦਾ ਹੈ ।

ਇਸ ਮੋੜ ਉਤੇ ਰੱਬ ਦੋਹਾਂ ਪ੍ਰੇਮੀਆਂ ਦੀ ਮਦਦ ਲਈ ਆ ਬਹੁੜਦਾ ਹੈ। ਸ਼ਹਿਰ ਨੂੰ ਅੱਗ ਜਾਂਦੀ ਹੈ । ਪਹਿਲੇ ਹੋਏ ਫੈਸਲੇ ਨੂੰ ਬਦਲਿਆ ਜਾਂਦਾ ਹੈ । ਹੁਣ ਦੋਵੇਂ ਝੰਗ ਨੂੰ ਤੁਰ ਪੈਂਦੇ ਹਨ, ਜੋ ਹੀਰ ਦਾ ਪੇਕਾ ਘਰ ਹੈ । ਏਥੇ ਰਾਂਝਾ ਹੀਰ ਨੂੰ ਛੱਡ ਕੇ ਆਪਣੇ ਪਿੰਡ ਚਲਾ ਜਾਂਦਾ ਹੈ ਤਾਂ ਜੋ ਮਿਥੀ ਹੋਈ ਤਾਰੀਖ ਤੇ ਆ ਕੇ ਹੀਰ ਨਾਲ ਬਾਕਾਇਦਾ ਵਿਆਹ ਕਰ ਕੇ ਉਸ ਨੂੰ ਲੈ ਜਾਏ । ਹੀਰ ਨੂੰ ਖਤਮ ਕਰਨ ਦੀ ਸਾਜ਼ਿਸ਼ ਰੱਚੀ ਜਾਂਦੀ ਹੈ ਤੇ ਉਸ ਨੂੰ ਮਾਰ ਦਿਤਾ ਜਾਂਦਾ ਹੈ । ਰਾਂਝੇ ਨੂੰ ਜਦੋਂ ਪਤਾ ਲਗਦਾ ਹੈ ਤਾਂ ਉਹ ਜ਼ਹਿਰ ਖਾ ਕੇ ਮਰ ਜਾਂਦਾ ਹੈ ਤੇ ਇਸ਼ਕ ਦੀ ਖਾਤਰ ਸ਼ਹੀਦ ਹੋ ਜਾਂਦਾ ਹੈ ।

ਪੰਜਾਬ ਦੀ ਕਿੱਸਾ ਪਰੰਪਰਾ

ਪ੍ਰੇਮ ਕਹਾਣੀਆਂ ਪੰਜਾਬ ਵਿਚ ਗਿਆਰ੍ਹਵੀਂ ਸਦੀ ਤੋਂ ਹੀ ਸੁਣੀਆਂ-ਸੁਣਾਈਆਂ ਜਾਂਦੀਆਂ ਰਹੀਆਂ ਹਨ। ਇਹ ਭੱਟਾਂ ਰਾਹੀਂ ਲੋਕ-ਸਮੂਹਾਂ ਨੂੰ ਸੁਣਾਈਆਂ ਜਾਂਦੀਆਂ ਸਨ। ਉਦੋਂ ਇਸ ਨੂੰ ਵਾਰਾਂ ਕਹਿੰਦੇ ਸਨ। 'ਵਾਰ' 'ਵਾਰਤਾ' ਸ਼ਬਦ ਦਾ ਛੋਟਾ ਰੂਪ ਹੈ ਜਿਸ ਦੇ ਅਰਥ ਹਨ 'ਘਟਨਾ' ਜਾਂ 'ਕਹਾਣੀ'। ਇਹਨਾਂ ਪ੍ਰੇਮ-ਕਹਾਣੀਆਂ ਦਾ ਵਿਸ਼ਾ ਹੁੰਦਾ ਸੀ ਜਾਂਬਾਜ਼ੀ ਜਾਂ ਪ੍ਰੇਮ ਜਾਂ ਫਿਰ ਦੋਹਾਂ ਦਾ ਮਿਸ਼ਰਣ। ਇਹ ਵਿਸ਼ਾ ਆਮ ਕਰ ਕੇ ਮਿਥਿਹਾਸਕ ਨਾਇਕਾਂ ਦੇ ਇਰਦ ਗਿਰਦ ਬੁਣਿਆ ਜਾਂਦਾ। ਇਹਨਾਂ ਦਾ ਅੰਤ ਸੁਖਾਂਤ ਹੁੰਦਾ ਅਤੇ ਪਰਾਸਰੀਰਕ ਮਾਹੌਲ ਇਹਨਾਂ ਦਾ ਅਨਿਖੜਵਾਂ ਅੰਗ ਹੁੰਦਾ। ਪਰ ਇਹ ਸਾਰਾ ਕੁਝ ਮੂੰਹ-ਜ਼ਬਾਨੀ ਹੀ ਹੁੰਦਾ। ਅਨੇਕਾਂ ਅਜਿਹੇ ਕਬੀਲੇ ਸਨ ਜਿਨ੍ਹਾਂ ਦਾ ਕੰਮ ਧੰਦਾ ਨਾ ਸਿਰਫ ਰਚਨਾ ਕਰਨਾ ਹੁੰਦਾ ਬਲਕਿ ਇਹ ਬੂਹੇ-ਬੂਹੇ ਜਾ ਕੇ ਅਤੇ ਨਾਲ ਹੀ ਲੋਕ-ਸਮੂਹਾਂ ਨੂੰ ਮੇਲਿਆਂ ਉਤੇ ਗਾ ਕੇ ਵੀ ਸੁਣਾਉਂਦੇ। ਕਾਫੀ ਗਿਣਤੀ ਵਿਚ ਅਜਿਹੀਆਂ ਵਾਰਾਂ ਤੇਰ੍ਹਵੀਂ ਸਦੀ ਤੇ ਉਸ ਤੋਂ ਪਿਛੋਂ ਪੰਜਾਬ ਵਿਚ ਆਮ ਪ੍ਰਚਲਿਤ ਸਨ। ਪਰ ਪੰਜਾਬੀ ਕਿੱਸੇ ਦਾ ਰੂਪ ਤਾਂ ਬਾਅਦ ਵਿਚ ਜਾ ਕੇ ਹੀ ਨਿਖਰਿਆ।

ਹਿੰਦੁਸਤਾਨ ਦੇ ਉਪ-ਮਹਾਂਦੀਪ ਦੇ ਇਲਾਕਿਆਂ ਤੇ ਸੂਬਿਆਂ ਦੇ ਭਾਈਚਾਰੇ ਬਾਰੇ ਸੋਚਦਿਆਂ ਇਕ ਗੱਲ ਜ਼ਰੂਰ ਧਿਆਨ ਵਿਚ ਰਖਣ ਦੀ ਲੋੜ ਹੈ ਕਿ ਪੁਰਾਣੇ ਪੰਜਾਬ ਦੀਆ ਕੁਝ ਨਿਖੜਵੀਆਂ ਗੱਲਾਂ ਹਨ ਜੋ ਇਸ ਨੂੰ ਬਾਕੀ ਇਲਾਕੇ ਤੋਂ ਵਖਰਾਉਂਦੀਆਂ ਹਨ। ਪੰਜਾਂ ਦਰਿਆਵਾਂ ਦੀ ਇਸ ਧਰਤੀ ਉਤੇ ਮੁਸਲਿਮ ਰਾਜ ਦੇਸ਼ ਦੇ ਹੋਰਨਾਂ ਇਲਾਕਿਆਂ ਸਮੇਤ ਦਿੱਲੀ ਤੇ ਇਸ ਦੇ ਨਾਲ ਲਗਦੇ ਇਲਾਕਿਆਂ ਦੇ, ਕੋਈ ਦੋ ਸੌ ਵਰ੍ਹੇ ਪਹਿਲਾਂ ਸਥਾਪਤ ਹੋਇਆ। ਫ਼ਾਰਸੀ ਇਸ ਧਰਤੀ ਉਤੇ ਗਿਆਰਵੀਂ ਸਦੀ ਦੇ ਸ਼ੁਰੂ ਵਿਚ, ਜਦੋਂ ਮਹਿਮੂਦ ਗਜ਼ਨੀ ਨੇ ਪੰਜਾਬ ਨੂੰ ਅਫਗਾਨਿਸਤਾਨ ਨਾਲ ਜੋੜ ਲਿਆ, ਸਰਕਾਰੀ ਜ਼ਬਾਨ ਦੇ ਰੂਪ ਵਿਚ ਆਈ। ਇਸੇ ਪ੍ਰਕਾਰ ਇਸਲਾਮ ਤੇ ਫਾਰਸੀ ਦੋਹਾਂ ਨੇ ਸਦੀਆਂ ਪਹਿਲੇ ਪੰਜਾਬ ਵਿਚ ਪ੍ਰਵੇਸ਼ ਕੀਤਾ। ਉਰਦੂ ਦਾ ਪੰਜਾਬ ਵਿਚ ਜਨਮ ਹੋਇਆ ਤੇ ਆਧੁਨਿਕ ਪੰਜਾਬੀ ਪੰਜਾਬ ਤੇ ਅਫਗਾਨਿਸਤਾਨ ਦੇ ਮੇਲ ਵਿਚੋਂ ਪੈਦਾ ਹੋਈ। ਹਿੰਦੂਆਂ ਦਾ ਇਸਲਾਮ ਵਿਚ ਧਰਮ-ਪਰਿਵਰਤਨ ਦਾ ਸਿਲਸਿਲਾ ਵੀ ਹੋਰਨਾਂ ਇਲਾਕਿਆਂ ਤੋਂ ਢੇਰ ਚਿਰ ਪਹਿਲਾਂ ਇਥੇ ਹੀ ਸ਼ੁਰੂ ਹੋਇਆ। ਲਹਿੰਦੇ ਪਾਸੇ ਦੇ ਮੁਸਲਿਮ ਇਲਾਕਿਆਂ ਤੋਂ ਪ੍ਰੇਮ-ਕਹਾਣੀਆਂ ਨੇ ਵੀ ਇਸੇ ਦੌਰ ਵਿਚ ਆ ਕੇ

ਸਥਾਨਕ ਪਰੰਪਰਾ ਨੂੰ ਪ੍ਰਭਾਵਿਤ ਕੀਤਾ । ਇਸ ਦੇ ਫਲਸਰੂਪ ਦੋਵੇਂ ਇਕ ਦੂਜੇ ਨਾਲ ਨਾ ਸਿਰਫ ਜਾ ਰਲੀਆਂ ਬਲਕਿ ਇਕ ਦੂਜੇ ਵਿਚ ਘੁਲ ਮਿਲ ਗਈਆਂ ਤੇ ਇਸ ਤਰ੍ਹਾਂ ਨਵੀਂ ਕਿਸਮ ਦੀ ਰਲਵੀਂ ਮਿਲਵੀਂ ਪੰਜਾਬੀ ਕਹਾਣੀ ਨੇ ਜਨਮ ਲਿਆ । ਇਸ ਤੋਂ ਬਾਅਦ ਪੱਛਮੀ ਮੁਸਲਿਮ ਇਲਾਕਿਆਂ 'ਚੋਂ ਮਸਨਵੀਂ ਦਾ ਪ੍ਰਵੇਸ਼ ਹੋਇਆ । ਪੰਜਾਬ ਦੇ ਪੜ੍ਹਿਆਂ ਲਿਖਿਆਂ ਵਿਚ ਮਸਨਵੀਂ ਬਹੁਤ ਮਕਬੂਲ ਹੋਈ ਤੇ ਫਿਰ ਪੰਜਾਬ ਦੇ ਲੋਕਾਂ ਵਿਚ ਇਸ ਨੇ ਲੋਕ-ਕਾਵਿ ਦੀ ਸੂਰਤ ਇਖਤਿਆਰ ਕੀਤੀ ਜਿਸ ਨੂੰ ਸਦੀਆਂ ਬਾਅਦ ਕਿੱਸਾ-ਕਵੀਆਂ ਨੇ ਅਪਣਾਇਆ । ਇਹਨਾਂ ਪ੍ਰੇਮ-ਕਹਾਣੀਆਂ ਵਿਚੋਂ ਲੈਲਾ-ਮਜਨੂੰ, ਸ਼ੀਰੀ-ਫਰਿਹਾਦ ਤੇ ਯੂਸਫ-ਜ਼ੁਲੇਖਾਂ ਨੂੰ ਪੰਜਾਬੀ ਨੇ ਆਪਣਾ ਬਣਾ ਲਿਆ ਤੇ ਝਟ ਹੀ ਇਹਨਾਂ ਦੇ ਵਿਦੇਸ਼ੀ ਮੂਲ ਜਾਂ ਸ੍ਰੋਤ ਨੂੰ ਵਿਸਾਰ ਦਿਤਾ ਗਿਆ । ਅਕਬਰ ਤੇ ਜਹਾਂਗੀਰ ਦੇ ਸਮਕਾਲੀ ਲੇਖਕ ਭਾਈ ਗੁਰਦਾਸ ਨੇ ਸੋਲ੍ਹਵੀਂ ਸਦੀ ਵਿਚ ਸੁਦੇਸ਼ੀ ਪ੍ਰੇਮ-ਜੋੜਿਆਂ- ਸੋਰਠ-ਬੀਜਾ, ਸੱਸੀ-ਪੁੰਨੂ, ਸੋਹਣੀ-ਮਹੀਂਵਾਲ ਤੇ ਹੀਰ-ਰਾਂਝਾ ਦੇ ਨਾਲ ਨਾਲ ਲੈਲਾ-ਮਜਨੂੰ ਪਿਆਰ ਦੇ ਮਨੋਵੇਗ ਨੂੰ ਵੀ ਆਦਰਸ਼ ਰੂਪ ਵਿਚ ਪੇਸ਼ ਕੀਤਾ !

ਭਾਈ ਗੁਰਦਾਸ ਨੇ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਆਮ ਪ੍ਰਚਲਤ ਕੁਝ ਕੁ ਪ੍ਰਮੁੱਖ ਪ੍ਰੇਮ-ਕਹਾਣੀਆਂ ਨੂੰ ਆਪਣੀ ਰਚਨਾ ਵਿਚ ਹਵਾਲਿਆਂ ਦੇ ਰੂਪ ਵਿਚ ਪੇਸ਼ ਕੀਤਾ । ਤਾਂ ਵੀ ਇਸ ਸਮੇਂ ਤਕ ਦਮੋਦਰ ਦਵਾਰਾ ਰਚਿਤ ਕਿੱਸਾ ਹੀਰ-ਰਾਂਝਾ ਤੋਂ ਇਲਾਵਾ ਲਿਖਤੀ ਰੂਪ ਵਿਚ ਹੋਰ ਕੁਝ ਨਹੀਂ ਮਿਲਦਾ । ਸਤਾਰ੍ਹਵੀਂ ਸਦੀ ਦੇ ਅਖੀਰ ਵਿਚ ਤੇ ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਬਹੁਤ ਸਾਰੇ ਕਿੱਸਾ ਕਵੀ ਹੋਏ ਹਨ ਜਿਨ੍ਹਾਂ ਨੇ ਇਕ ਤੋਂ ਵੱਧ ਕਿੱਸੇ ਲਿਖੇ । ਇਸ ਤਰ੍ਹਾਂ ਪੰਜਾਬੀ ਕਿੱਸਾ ਟਕਸਾਲੀ ਰੂਪ ਧਾਰਨ ਕਰਦਾ ਚਲਾ ਗਿਆ । ਇਸ ਦਾ ਅੰਤ ਲੋਕ ਪਿਆਰਾ ਅਤੇ ਵਿਲੱਖਣ ਰੂਪ ਬੈਂਤ ਛੰਦ ਹੈ । ਨਾ ਕੇਵਲ ਇਸ ਰੂਪ ਦਾ ਜਨਮ ਇਸ ਕਾਲ ਵਿਚ ਹੋਇਆ, ਸਗੋਂ ਇਸ ਨੇ ਆਪਣੇ ਸਿਖਰ ਨੂੰ ਵੀ ਇਸੇ ਕਾਲ ਵਿਚ ਪ੍ਰਾਪਤ ਕੀਤਾ । ਹੁਣ 'ਹੀਰ' ਸ਼ਬਦ ਇਕੋ ਸਮੇਂ ਆਦਰਸ਼ ਪ੍ਰੇਮ ਤੇ ਹੁਸਨ ਦਾ ਪ੍ਰਤੀਕ ਬਣ ਚੁੱਕਾ ਸੀ । ਕਿਸੇ ਵੀ ਅੰਤਾਂ ਦੇ ਹੁਸਨ ਵਾਲੀ ਮੁਟਿਆਰ ਨੂੰ ਹੀਰ ਕਿਹਾ ਜਾਣ ਲਗਾ ਤੇ ਸੋਹਣੇ-ਸੁਨੱਖੇ ਇਸ਼ਕ ਵਿਚ ਰੱਤੇ ਨੌਜਵਾਨ ਨੂੰ ਰਾਂਝਾ । ਅਜ ਵੀ ਪੰਜਾਬ ਵਿਚ ਇਹਨਾਂ ਸ਼ਬਦਾਂ ਦੀ ਵਰਤੋਂ ਇਹਨਾਂ ਅਰਥਾਂ ਵਿਚ ਹੀ ਹੁੰਦੀ ਹੈ ।

ਅਰਬੀ ਵਿਚੋਂ ਪੈਦਾ ਹੋਏ ਕਿੱਸੇ ਨੂੰ ਫਾਰਸੀ ਵਿਚ ਮਸਨਵੀ ਕਿਹਾ ਜਾਂਦਾ ਹੈ । ਕਲਾਸਕੀ ਫਾਰਸੀ ਸ਼ਾਇਰ ਫਿਰਦੋਸੀ ਨੇ ਜਾਣੀ-ਪਛਾਣੀ ਯੂਸਫ-ਜ਼ੁਲੇਖਾਂ ਨਾਮ ਦੀ ਮਸਨਵੀ ਦੀ ਰਚਨਾ ਕੀਤੀ ਸੀ । ਅਤਾਰ ਅਤੇ ਰੂਮੀ ਨੇ ਵੀ ਬਹੁਤ ਪ੍ਰਸਿੱਧ ਮਸਨਵੀਆਂ ਦੀ ਰਚਨਾ ਕੀਤੀ । ਮਸਨਵੀ ਨੇ ਕਿਵੇਂ ਸਥਾਨਕ ਪਰੰਪਰਾ ਦੀ ਨੁਹਾਰ ਨੂੰ ਆਪਣੇ ਰੂਪ ਵਿਚ ਰੰਗਿਆ ਤੇ ਚੋਖਾ ਰੂਪਾਂਤ੍ਰਿਤ ਕੀਤਾ ਇਸ ਗੱਲ ਨੂੰ ਇਮਾਨ ਬਖਸ਼ ਨੇ ਸਾਫ ਦਿਲੀ ਨਾਲ ਸਵੀਕਾਰਿਆ ਹੈ । ਇਹ ਸ਼ਾਇਰ ਵਾਰਿਸ ਤੋਂ ਬਾਅਦ ਹੋਇਆ ਤੇ ਇਸ ਨੇ ਦਰਜਨਾਂ ਫਾਰਸੀ ਤੇ ਪੰਜਾਬੀ ਪ੍ਰੇਮ-ਕਹਾਣੀਆਂ ਦੀ ਰਚਨਾ ਕੀਤੀ । ਉਹਦਾ ਕਥਨ ਹੈ :—

''ਕਿ ਮੈਂ ਨਿਜ਼ਾਮੀ ਕੋਲੋਂ ਚਾਵਲ ਲਏ

ਤੇ ਦਾਲ (ਮੰਗੀ) ਹਾਤਿਫ਼ ਤੋਂ
ਖੁਸਰੇ ਨੇ ਮੱਖਣ ਦਿਤਾ
ਤੇ ਲੂਣ ਅਸੀਂ ਆਪਣੇ ਕੋਲੋਂ ਪਾਇਆ ।''

ਦਰਅਸਲ, ਪੰਜਾਬ ਵਿਚ ਹੀ ਦਰਜਨਾਂ ਪੰਜਾਬੀ ਕਵੀਆਂ ਨੇ ਹਰ ਪ੍ਰਕਾਰ ਦੇ ਕਿੱਸੇ ਫਾਰਸੀ ਵਿਚ ਵੀ ਲਿਖ ਮਾਰੇ । ਇਸ ਤਰ੍ਹਾਂ ਸ਼ੁਰੂ ਵਿਚ ਮਸਨਵੀ ਦਾ ਬਹੁਤ ਬੋਲ-ਬਾਲਾ ਸੀ ਪਰ ਸਮੇਂ ਦੇ ਬੀਤਣ ਨਾਲ ਜਦੋਂ ਅਸੀਂ ਵਾਰਿਸ ਤੇ ਉਸ ਦੀ ਹੀਰ ਤਕ ਅਪੜਦੇ ਹਾਂ ਉਥੇਂ ਸਥਾਨਕ ਰੂਪ ਭਰ ਜੋਬਨ ਵਿਚ ਆ ਚੁੱਕਾ ਸੀ ਤੇ ਉਹਨੇ ਮੀਰੀ ਦਰਜਾ ਹਾਸਲ ਕਰ ਲਿਆ ਸੀ ।

ਹੀਰ-ਰਾਂਝੇ ਦੀ ਕਹਾਣੀ ਨਾਲ ਪਜਾਬੀਆਂ ਨੂੰ ਨਿਰੋਲ ਪੰਜਾਬੀ ਮੁਹਾਂਦਰੇ ਵਾਲੀ ਪ੍ਰੇਮ-ਕਹਾਣੀ ਪ੍ਰਾਪਤ ਹੋਈ ਤੇ ਇਹ ਐਨੀ ਮਕਬੂਲ ਹੋਈ ਕਿ ਬਾਕੀ ਸਾਰੀਆਂ ਨੂੰ ਪਿਛੇ ਛੱਡ ਗਈ ।

ਦਮੋਦਰ ਤੋਂ ਬਾਅਦ ਅਹਿਮਦ ਗੁੱਜਰ ਨੇ ਸੰਨ 1682 ਈਸਵੀ ਵਿਚ ਹੀਰ-ਰਾਂਝੇ ਦਾ ਕਿੱਸਾ ਲਿਖਿਆ; ਬਾਅਦ ਵਿਚ ਮੁਕਬਲ ਨੇ 1746 ਈਸਵੀ ਵਿਚ ਲਿਖਿਆ । ਭਾਵੇਂ ਮੀਆਂ ਚਿਰਾਗ ਅਮਨ ਬਹੁਤਾ ਜਾਣਿਆ ਪਛਾਣਿਆ ਨਹੀਂ, ਉਹਨੇ ਮੁਕਬਲ ਤੋਂ ਕਾਫੀ ਚਿਰ ਪਹਿਲਾਂ 1711 ਵਿਚ ਇਸ ਕਹਾਣੀ ਨੂੰ ਕਵਿਤਾ ਵਿਚ ਬੰਨ੍ਹਿਆ ਸੀ । ਇਸ ਤੋਂ ਬਾਅਦ ਤੋਂ ਸਭ ਤੋਂ ਅਜ਼ੀਮ ਹੀਰ ਵਾਰਿਸ ਹੋਂਦ ਵਿਚ ਆਈ ਜੋ 1766 ਵਿਚ ਮੁਕੰਮਲ ਹੋਈ । ਇਸ ਤੋਂ ਅਗਲੀ ਸਦੀ ਵਿਚ ਹੀਰ ਦੇ ਕਿੱਸਿਆਂ ਦਾ ਹੜ੍ਹ ਹੀ ਆ ਗਿਆ । ਇਹਨਾਂ ਦੀ ਗਿਣਤੀ ਸੌ ਨਾਲੋਂ ਵੀ ਵੱਧ ਹੋਵੇਗੀ । ਪਰ ਵਾਰਿਸ ਦੀ ਕਲਾਸਕੀ ਰਚਨਾ ਨੂੰ ਕੋਈ ਵੀ ਮਾਤ ਨਹੀਂ ਕਰ ਸਕਿਆ । ਉਹਨਾਂ ਨੇ ਇਕੋ ਕਿੱਸਾ—ਕਿੱਸਾ ਹੀਰ ਲਿਖਿਆ ਤੇ ਬੱਸ । ਇਸ ਪ੍ਰਕਾਰ ਪੰਜਾਬ ਦੀ ਇਸ ਪ੍ਰੇਮ ਕਹਾਣੀ ਦਾ ਕਵੀ ਜਿਹੜਾ ਇਸ ਇਲਾਕੇ ਦੇ ਹਰੇ ਖੇਤਾਂ, ਚਰਦੇ ਪਸ਼ੂਆਂ, ਫਸਲਾਂ, ਦਿਲਕਸ਼ ਨਦੀ ਦੇ ਕੰਢਿਆਂ, ਘਾਹ ਨਾਲ ਹਰੇ ਮੈਦਾਨਾਂ ਦਾ ਜੰਮ-ਪਲ ਹੈ ।

ਇਹ ਸੀ ਵਾਰਿਸ, ਪੰਜਾਬ ਦੀ ਕੇਂਦਰੀ ਪਿਆਰ-ਕਹਾਣੀ ਦਾ ਕਰਤਾ । ਪੰਜਾਬ—ਜੋ ਹਰੇ-ਭਰੇ ਖੇਤਾਂ, ਚਰਦੇ ਪਸ਼ੂਆਂ, ਫਸਲਾਂ, ਨਿਰਬਾਧ ਦਰਿਆਵਾਂ ਲਾਗਲੇ ਬੇਲਿਆਂ, ਕੂਪਵਾਦੀ ਨਾਬਰਾਬਰੀਆਂ, ਦਲੇਰ ਪਿਆਹਾਂ ਅਤੇ ਗੀਤਾਂ ਭਰੀ ਬੇਬਾਕੀ ਦਾ ਦੇਸ਼ ਹੈ । ਕਿੱਸਾਕਾਰ ਵਾਰਿਸ ਇਸ ਸਭ ਕੁਝ ਦਾ ਮਹਿਰਮ ਸੀ । ਉਸ ਪਾਸ ਸਭਿਆਚਾਰਕ, ਮਾਨਸਿਕ ਅਤੇ ਅਧਿਆਤਮਕ ਮਨੋ ਬਣਤਰ ਸੀ । ਉਹ ਆਪਣੇ ਪੂਰਬਗਾਮੀਆਂ ਤੇ ਉਤਰਗਾਮੀਆਂ ਦੇ ਮੁਕਾਬਲੇ ਕਿਤੇ ਬਿਹਤਰ ਤੇ ਭਰਪੂਰ ਸੰਗੀਤਮਈ ਸੁਰਾਂ ਵਿਚ ਰਚਨਾ ਕਰ ਸਕਦਾ ਸੀ । ਉਸ ਦੀ ਕਾਵਿ-ਪ੍ਰਤਿਭਾ ਦੀ ਬਰਾਬਰੀ ਕੋਈ ਨਾ ਕਰ ਸਕਿਆ ਅਤੇ ਉਹ ਸਦਾ ਸਿਖਰ ਤੇ ਟਿਕਿਆ ਰਿਹਾ ।

ਵਾਰਿਸ ਦੇ ਪੂਰਵਗਾਮੀ

ਦਮੋਦਰ

ਦਮੋਦਰ, ਹਿੰਦੂ ਦੁਕਾਨਦਾਰ, ਹੀਰ-ਰਾਂਝੇ ਦਾ ਕਿੱਸਾ ਲਿਖਣ ਵਾਲਿਆਂ ਦਾ ਮੋਢੀ ਸੀ। ਇਸੇ ਨੇ ਸਭ ਤੋਂ ਪਹਿਲਾਂ ਇਸ ਕਹਾਣੀ ਦੀ ਰੂਪ-ਰੇਖਾ ਨੂੰ ਨਿਸ਼ਚਿਤ ਕੀਤਾ, ਬਾਅਦ ਦੇ ਬਿਆਨ ਕਰਨ ਵਾਲਿਆਂ ਨੇ ਸਿਰਫ ਇਸ ਵਿਚ ਥੋੜ੍ਹੀ ਬਹੁਤ ਹੀ ਤਬਦੀਲੀ ਕੀਤੀ। ਦਮੋਦਰ ਤੇ ਵਾਰਿਸ ਦੇ ਕਿੱਸੇ ਵਿਚ ਉਂਝ ਤਾਂ ਘਟਨਾਵਾਂ ਤੇ ਇਨ੍ਹਾਂ ਦਾ ਸਿਲਸਿਲਾ ਇਕੋ ਜਿਹਾ ਹੈ, ਫਿਰ ਵੀ ਵਾਰਿਸ ਦੇ ਕਿੱਸੇ ਵਿਚ ਕੁਝ ਅਹਮ ਮੋੜ ਤੇ ਮੂਲ ਕਹਾਣੀ ਤੋਂ ਹਟ ਕੇ ਵੀ ਕੁਝ ਗੱਲਾਂ ਮਿਲਦੀਆਂ ਹਨ। ਪਾਤਰਾਂ ਦੇ ਨਾਂ ਤੇ ਇਹਨਾਂ ਦੀ ਗਿਣਤੀ ਵਿਚ ਵੀ ਫ਼ਰਕ ਹੈ। ਦੋਹਾਂ ਦੇ ਪਾਠ ਵਿਚ ਵੀ ਕੁਝ ਖ਼ਾਸ ਕਿਸਮ ਦੇ ਫ਼ਰਕ ਮਿਲਦੇ ਹਨ।

ਦਮੋਦਰ ਨੇ ਈਸ਼ਵਰ (ਸਾਹਿਬ) ਤੋਂ ਅਲਾਵਾ ਹਿੰਦੂ ਦੇਵ-ਮਾਲਾ ਵਿਚੋਂ ਕਿਸੇ ਵੀ ਦੇਵਤੇ ਦੀ ਅਰਾਧਨਾ ਨਹੀਂ ਕੀਤੀ। ਲਗਦਾ ਹੈ ਕਿ ਉਸ ਉਪਰ ਸਿੱਖ ਧਰਮ ਦਾ ਪ੍ਰਭਾਵ ਸੀ ਕਿਉਂਕਿ ਉਸ ਵੇਲੇ ਤਕ ਇਹ ਧਰਮ ਪੰਜਾਬ ਤੇ ਪੰਜਾਬੋਂ ਬਾਹਰ ਤਕ ਫੈਲ ਚੁਕਾ ਸੀ। ਵਾਰਿਸ ਚੂੰਕਿ ਮੁਸਲਮਾਨ ਹੈ ਇਸ ਲਈ ਉਹ ਅੱਲ੍ਹਾ ਤੋਂ ਇਲਾਵਾ ਪੈਗੰਬਰ ਤੇ ਸੂਫੀ ਪੀਰਾਂ ਦੀ ਵੀ ਇਬਾਦਤ ਕਰਦਾ ਹੈ।

ਦਮੋਦਰ ਦੇ ਕਿੱਸੇ ਦੀ ਕੋਈ ਭੂਮਿਕਾ ਨਹੀਂ, ਜਿਸ ਤਰ੍ਹਾਂ ਦੀ ਵਾਰਿਸ ਦੇ ਕਿੱਸੇ ਵਿਚ ਹੈ ਜਿਸ ਵਿਚ ਉਹ ਦੱਸਦਾ ਹੈ ਕਿ ਕਿਵੇਂ ਉਸ ਦੇ ਦੋਸਤਾਂ ਨੇ ਫਰਮਾਇਸ਼ ਕੀਤੀ ਕਿ ਹੀਰ ਦਾ ਨਵੇਂ ਸਿਰਿਉਂ ਅਛੂਤਾ ਬਿਆਨ ਕੀਤਾ ਜਾਵੇ। ਮੁਕਬਲ ਜੋ ਵਾਰਿਸ ਦੇ ਨੇੜੇ ਦਾ ਪੂਰਬਵਰਤੀ ਹੈ, ਨੇ ਵੀ ਇਸ ਤਰ੍ਹਾਂ ਦੀ ਦਲੀਲ ਪੇਸ਼ ਕੀਤੀ ਹੈ।

ਦਮੋਦਰ ਦੱਸਦਾ ਹੈ ਕਿ ਹੀਰ-ਰਾਂਝੇ ਦਰਮਿਆਨ ਜੋ ਕੁਝ ਵਾਪਰਿਆ, ਉਸ ਨੂੰ ਉਹਨੇ 'ਅੱਖੀਂ ਡਿਠਾ' ਹੈ। ਵਾਰਿਸ ਇਸ ਕਿਸਮ ਦਾ ਕੋਈ ਦਾਅਵਾ ਨਹੀਂ ਕਰਦਾ।

ਵਾਰਿਸ ਨੇ ਆਪਣੀ ਗੱਲ ਰਾਂਝੇ (ਨਾਇਕ), ਉਸ ਦੇ ਪਿੰਡ ਤੇ ਉਸ ਦੇ ਟੱਬਰ ਤੋਂ ਸ਼ੁਰੂ ਕੀਤੀ ਹੈ, ਜਦ ਕਿ ਦਮੋਦਰ ਨੇ ਨਾਇਕਾ ਤੋਂ।

ਦਮੋਦਰ ਦੇ ਮੁਤਾਬਿਕ ਹੀਰ, ਸੈਦੇ ਖੇੜੇ ਨਾਲ, ਦੋਹਾਂ ਪ੍ਰੇਮੀਆਂ ਦੇ ਮਿਲਣ ਤੇ ਪਿਆਰ ਹੋਣ ਤੋਂ ਪਹਿਲਾਂ ਹੀ ਮੰਗੀ ਹੋਈ ਸੀ। ਵਾਰਿਸ ਨੇ ਮੰਗਣੀ ਨੂੰ ਪ੍ਰੇਮ ਹੋਣ ਤੋਂ ਮਗਰੋਂ ਪਾ ਦਿਤਾ ਤੇ ਉਹ ਵੀ ਉਦੋਂ ਜਦੋਂ ਹੀਰ ਦੇ ਲੰਡੇ ਚਾਚੇ ਨੇ ਉਹਨਾਂ ਦੇ ਪ੍ਰੇਮ

ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿਤਾ ।

ਨਤੀਜੇ ਵਜੋਂ, ਹੀਰ ਨੂੰ ਸਾਕਾਰ ਬਹਾਦਰੀ ਦੇ ਰੂਪ ਵਿਚ ਪੇਸ਼ ਕਰਨ ਲਈ ਦਮੋਦਰ ਨੇ ਹੀਰ ਨੂੰ ਪਿੰਡ ਦੀਆਂ ਨਿੱਡਰ ਅਤੇ ਲੋਹਾ ਲੈਣ ਵਾਲੀਆਂ ਮੁਟਿਆਰਾਂ ਦੀ ਆਗੂ ਦੇ ਰੂਪ ਵਿਚ ਪੇਸ਼ ਕੀਤਾ । ਉਹ ਚੰਧੜ ਕਬੀਲੇ ਦੇ ਲੋਕਾਂ ਦੇ ਵਿਰੁੱਧ ਨਿੱਠ ਕੇ ਲੜੀਆਂ ਤੇ ਉਹਨਾਂ ਨੂੰ ਅਜਿਹਾ ਪਛਾੜਿਆ ਕਿ ਉਹ ਤੁਰੰਤ ਹੀ ਭੱਜ ਉੱਠੇ । ਵਾਰਿਸ ਨੇ ਇਸ ਤਰ੍ਹਾਂ ਦੀ ਮੁੱਠਭੇੜ ਦਾ ਕੋਈ ਜ਼ਿਕਰ ਨਹੀਂ ਕੀਤਾ ।

ਵਾਰਿਸ ਅਨੁਸਾਰ ਰਾਂਝੇ ਨੂੰ ਭਾਬੀਆਂ ਨੇ ਮਿਹਣਾ ਮਾਰਿਆ ਕਿ ਉਹ ਨਖੱਟੂ ਹੈ ਤੇ ਉਹ ਹੀਰ ਨੂੰ ਕਦੇ ਵੀ ਵਿਆਹ ਕੇ ਨਹੀਂ ਲਿਆ ਸਕਦਾ । ਇਹ ਸੁਣ ਕੇ ਰਾਂਝਾ ਆਪਣਾ ਜੱਦੀ ਪਿੰਡ ਛੱਡ ਕੇ ਝੰਗ ਵਲ ਤੁਰ ਪਿਆ, ਜਿਥੇ ਉਹ ਮੰਨੀ ਪਰਮੰਨੀ ਹੂਰ-ਪਰੀ ਵੱਸਦੀ ਸੀ । ਦੂਜੇ ਪਾਸੇ ਦਮੋਦਰ ਨੇ ਕਹਾਣੀ ਨੂੰ ਹੋਰ ਤਰ੍ਹਾਂ ਪੇਸ਼ ਕੀਤਾ ਹੈ । ਦਮੋਦਰ ਦਸਦਾ ਹੈ ਕਿ ਜਦੋਂ ਰਾਂਝੇ ਨੇ ਤਖਤ ਹਜ਼ਾਰਾ ਛੱਡਿਆ ਤਾਂ ਉਹਨੇ ਆਪਣੇ ਲਈ ਕੋਈ ਖਾਸ ਮੰਜ਼ਿਲ ਨਹੀਂ ਮਿਥੀ ਹੋਈ ਸੀ ਤੇ ਹੀਰ ਨਾਲ ਉਸ ਦੀ ਮੁਲਾਕਾਤ ਮਹਿਜ਼ ਇਤਫਾਕ ਸੀ ।

ਦਮੋਦਰ ਤੇ ਵਾਰਿਸ ਦੋਹਾਂ ਅਨੁਸਾਰ ਝੰਗ ਵਲ ਜਾ ਰਿਹਾ ਰਾਂਝਾ ਪਿੰਡ ਦੀ ਮਸਜਿਦ ਵਿਚ ਠਹਿਰਦਾ ਹੈ । ਪਰ ਦਮੋਦਰ ਅਨੁਸਾਰ ਰਾਂਝਾ ਮਸਜਿਦ ਵਿਚ ਠਹਿਰਣ ਦੇ ਦੌਰਾਨ, ਪਿੰਡ ਦੇ ਕਿਸਾਨਾਂ ਨਾਲ, ਮਹਿਰੀ ਨਾਲ ਤੇ ਉਸ ਦੀ ਧੀ ਨਾਲ ਵਾਰਤਾਲਾਪ ਕਰਦਾ ਹੈ । ਇਹ ਦੋਵੇਂ ਜਣੀਆਂ ਉਸ ਜਵਾਨ ਉਪਰ ਆਸ਼ਕ ਹੋ ਜਾਂਦੀਆਂ ਹਨ । ਵਾਰਿਸ ਨੇ ਸਿਰਫ਼ ਉਸੇ ਘਟਨਾ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਰਾਂਝੇ ਤੇ ਮੌਲਵੀ ਵਿਚਕਾਰ ਮਸਜਿਦ ਵਿਚ ਕਾਫੀ ਗਰਮਾ-ਗਰਮੀ ਹੁੰਦੀ ਹੈ । ਉਹਨੇ ਉਹਨਾਂ ਗੱਲਾਂ ਨੂੰ ਨਹੀਂ ਗੌਲਿਆ ਜੋ ਦਮੋਦਰ ਦੇ ਕਿੱਸੇ ਵਿਚ ਮਿਲਦੀਆਂ ਹਨ ।

ਦਮੋਦਰ ਦੇ ਮੁਤਾਬਿਕ ਰਾਂਝੇ ਨੂੰ ਪੰਜ ਪੀਰ ਉਸ ਵੇਲੇ ਮਿਲੇ ਜਦੋਂ ਉਹ ਝੰਗ ਨੂੰ ਜਾ ਰਿਹਾ ਸੀ । ਪਰ, ਵਾਰਿਸ ਅਨੁਸਾਰ ਉਹ ਹੀਰ ਨਾਲ ਮੁਲਾਕਾਤ ਹੋਣ ਤੋਂ ਬਾਅਦ ਹੀ ਮਿਲੇ ।

ਵਾਰਿਸ ਨੇ ਉਹਨਾਂ ਘਟਨਾਵਾਂ ਦਾ ਵੀ ਜ਼ਿਕਰ ਨਹੀਂ ਕੀਤਾ । ਜਿਹੜੀਆਂ ਹੀਰ ਤੇ ਸੈਦੇ ਖੇੜੇ ਦੇ ਵਿਆਹ ਮਗਰੋਂ ਵਾਪਰੀਆਂ । ਮਿਸਾਲ ਦੇ ਤੌਰ ਤੇ ਹੀਰ ਦੀ ਡੋਲੀ ਨਾਲ ਜਾ ਰਹੇ ਰਾਂਝੇ ਦੀ ਜਾਨ ਲੈਣ ਦਾ ਜਤਨ ਹੁੰਦਾ ਹੈ ਤੇ ਉਹ ਬਚਦਾ ਬਚਾਂਦਾ ਝੰਗ ਨੂੰ ਪਰਤ ਆਉਂਦਾ ਹੈ । ਨਾਲੇ ਉਹਨਾਂ ਸਾਰੀਆਂ ਕੁੜੀਆਂ ਨੂੰ ਮਿਲਦਾ ਹੈ ਜੋ ਰਾਂਝੇ ਨੂੰ ਪਿਆਰ ਕਰਦੀਆਂ ਸਨ । ਫੇਰ ਰਾਂਝਾ ਆਪਣੇ ਪਿੰਡ ਤਖਤ ਹਜ਼ਾਰੇ ਨੂੰ ਮੁੜ ਆਉਂਦਾ ਹੈ ਆਦਿ । ਇਹ ਸਾਰਾ ਕੁਝ ਵਾਰਿਸ ਦੇ ਕਿੱਸੇ ਵਿਚ ਨਹੀਂ ਮਿਲਦਾ ।

ਦਮੋਦਰ ਅਨੁਸਾਰ ਹੀਰ ਆਪਣੇ ਖਾਵੰਦ ਦੇ ਪਿੰਡ ਰੰਗਪੁਰ ਤੋਂ ਰਾਮੂ ਬ੍ਰਾਹਮਣ ਹੱਥ ਰਾਂਝੇ ਨੂੰ ਸੁਨੇਹਾ ਭੇਜਦੀ ਹੈ ਕਿ ਉਹ ਉਸ ਨੂੰ ਜੋਗੀ ਦੇ ਭੇਸ ਵਿਚ ਆ ਕੇ ਮਿਲੇ । ਪਰ ਵਾਰਿਸ ਦੇ ਕਿੱਸੇ ਵਿਚ ਹੀਰ ਆਪਣੇ ਸਹੁਰੇ ਪਿੰਡ ਦੀ ਇਕ ਵਿਆਹੀ ਹੋਈ ਔਰਤ ਰਾਹੀਂ ਆਪਣੇ ਮਹਿਬੂਬ ਨੂੰ ਸੁਨੇਹਾ ਘਲਦੀ ਹੈ ।

ਇਸ ਤਰ੍ਹਾਂ ਰੰਗਪੁਰ ਤੋਂ ਹੀਰ ਦਾ ਰਾਂਝੇ ਨਾਲ ਫਰਾਰ ਹੋਣ ਦੀ ਕਹਾਣੀ ਵੀ ਕੁਝ

ਵੱਖਰੀ ਹੈ। ਦਮੋਦਰ ਵਿਚ ਹੀਰ ਦੀ ਨਨਾਣ ਸਹਿਤੀ ਦਾ ਕੋਈ ਹਵਾਲਾ ਨਹੀਂ। ਵਾਰਿਸ ਨੇ ਉਸ ਬਾਰੇ ਵਿਸਥਾਰ ਨਾਲ ਵਰਨਣ ਕੀਤਾ ਹੈ। ਵਾਰਿਸ ਦੇ ਕਿੱਸੇ ਵਿਚ ਸਹਿਤੀ ਤੇ ਹੀਰ ਦੋਵੇਂ ਹੀ ਆਪਣੇ ਆਪਣੇ ਪ੍ਰੇਮੀਆਂ ਨਾਲ ਇਕੋ ਵੇਲੇ ਫਰਾਰ ਹੋ ਜਾਂਦੀਆਂ ਹਨ।

ਦਮੋਦਰ ਅਨੁਸਾਰ ਖੇੜੇ ਹੀਰ ਤੇ ਰਾਂਝੇ ਦਾ ਪਿੱਛਾ ਕਰਦੇ ਹਨ। ਰਾਹ ਵਿਚ ਉਹਨਾਂ ਦੀ ਨਾਹਰਾਂ ਨਾਲ ਸ਼ਸਤਰਬੱਧ ਮੁਠਭੇੜ ਹੁੰਦੀ ਹੈ ਪਰ ਵਾਰਿਸ ਨੇ ਉਹਨਾਂ ਨੂੰ ਸਿੱਧਾ ਕੋਟ ਕਬੂਲੇ ਦੇ ਕਾਜ਼ੀ ਦੀ ਕਚਹਿਰੀ ਵਿਚ ਪਹੁੰਚਾ ਦਿਤਾ ਹੈ।

ਦਮੋਦਰ ਦੇ ਕਿੱਸੇ ਵਿਚ ਹੀਰ ਤੇ ਰਾਂਝੇ ਨੂੰ ਕਚਿਹਰੀ ਦੇ ਫੈਸਲੇ ਅਨੁਸਾਰ ਇਕ ਦੂਜੇ ਨਾਲ ਮਿਲਾ ਦਿਤਾ ਜਾਂਦਾ ਹੈ ਤੇ ਉਹ ਮੱਕੇ ਵਲ ਚਲੇ ਜਾਂਦੇ ਹਨ ਤੇ ਇਸ ਤਰ੍ਹਾਂ ਕਹਾਣੀ ਸੁਖਾਂਤ ਹੋ ਨਿਬੜਦੀ ਹੈ। ਪਰ ਵਾਰਿਸ ਨੇ ਇਸ ਪ੍ਰੇਮ-ਕਹਾਣੀ ਨੂੰ ਦੁਖਾਂਤ ਦਾ ਰੂਪ ਦੇ ਦਿਤਾ ਹੈ। ਹੀਰ ਨੂੰ ਮਾਂ-ਪਿਉ ਜ਼ਹਿਰ ਦੇ ਕੇ ਮਾਰ ਦੇਂਦੇ ਹਨ ਤੇ ਰਾਂਝਾ ਇਹ ਖ਼ਬਰ ਸੁਣ ਕੇ ਮੌਤ ਦੀ ਨੀਂਦਰ ਸੌਂ ਜਾਂਦਾ ਹੈ।

ਮੁਕਬਲ

ਮੁਕਬਲ, ਜਿਸ ਨੇ ਵਾਰਿਸ ਤੋਂ ਕੋਈ ਦੋ ਕੁ ਦਹਾਕੇ ਪਹਿਲਾਂ 'ਕਿੱਸਾ ਹੀਰ' ਲਿਖਿਆ, ਨਿਸ਼ਚੇ ਹੀ ਉਸ ਦਾ ਨੇੜੇ ਦਾ ਪੂਟਵਗਾਮੀ ਸੀ। ਇਹ ਮੁਮਕਿਨ ਹੈ ਕਿ ਵਾਰਿਸ ਨੇ ਇਸ ਕੋਲੋਂ ਹੀਰ ਦੀ ਕਹਾਣੀ ਲਈ ਹੋਵੇਗੀ। ਸਾਰੀਆਂ ਪ੍ਰਮੁਖ ਘਟਨਾਵਾਂ ਤੇ ਉਨ੍ਹਾਂ ਦਾ ਸਿਲਸਿਲਾ ਇਕੋ ਜਿਹਾ ਹੈ। ਬਸ ਦੋਹਾਂ ਦੇ ਕਿੱਸਿਆਂ ਦਾ ਅੰਤ ਵੱਖੋ ਵੱਖਰਾ ਹੈ। ਮੁਕਬਲ ਨੇ ਵੀ ਦਮੋਦਰ ਵਾਂਗ ਕਿੱਸੇ ਨੂੰ ਸੁਖਾਂਤ ਰੂਪ ਦਿਤਾ ਹੈ। ਹੀਰ ਤੇ ਰਾਂਝੇ ਦੋਹਾਂ ਨੂੰ ਪਤੀ ਪਤਨੀ ਐਲਾਨ ਕਰਨ ਮਗਰੋਂ ਕੋਟ ਕਬੂਲੇ ਦਾ ਅਦਲੀ ਰਾਜਾ ਜਾਂ ਫਿਰ ਕਾਜ਼ੀ ਹੀਰ ਰਾਂਝੇ ਨੂੰ ਸੌਂਪ ਦੇਂਦਾ ਹੈ। ਏਦਾਂ ਦੋਵੇਂ ਪ੍ਰੇਮੀ ਇਸ਼ਕ ਵਿਚ ਰੱਤੇ ਤੇ ਆਜ਼ਾਦ ਹੋ ਕੇ ਮੁਕਬਲ ਅਨੁਸਾਰ ਅਰਬ ਵਿਚ ਮੱਕੇ ਨੂੰ ਚਲੇ ਜਾਂਦੇ ਹਨ ਜਿਥੇ ਉਹ ਅਜੇ ਵੀ ਜੀਉਂਦੇ ਤੇ ਇਸ਼ਕ ਪਾਲਦੇ ਦੱਸੇ ਗਏ ਹਨ। ਪਰ ਵਾਰਿਸ ਨੇ ਦਮੋਦਰ ਤੇ ਮੁਕਬਲ ਦੋਹਾਂ ਤੋਂ ਵੱਖਰੀ ਕਿਸਮ ਦਾ ਅੰਤ ਪੇਸ਼ ਕੀਤਾ ਹੈ। ਇਹ ਕਿੱਸਾ ਦੋਹਾਂ ਦੇ ਮਰਨ ਨਾਲ ਦੁਖਾਂਤ ਵਿਚ ਖਤਮ ਹੁੰਦਾ ਹੈ। ਇਸ ਤਰ੍ਹਾਂ ਪਹਿਲੀ ਵਾਰ ਵਾਰਿਸ ਨੇ ਕਹਾਣੀ ਨੂੰ ਬਦਲਿਆ ਤੇ ਇਕ ਕਰੜੀ ਸਚਾਈ ਪੇਸ਼ ਕਰਦਿਆਂ ਕਿੱਸੇ ਨੂੰ ਦੁਖਾਂਤ ਦੀ ਸ਼ਕਲ ਦਿਤੀ।

ਕੁਝ ਹੋਰ ਵੀ ਮਾੜੇ ਮੋਟੇ ਫ਼ਰਕ ਹਨ। ਮੁਕਬਲ ਦੇ ਕਿੱਸੇ ਵਿਚ ਹੀਰ ਤੇ ਰਾਂਝਾ ਦੋਵੇਂ ਪੜ੍ਹੇ-ਲਿਖੇ ਹਨ ਤੇ ਇਕ ਦੂਜੇ ਨੂੰ ਖ਼ਤ ਲਿਖਦੇ ਹਨ ਜਦੋਂ ਕਿ ਵਾਰਿਸ ਨੇ ਉਹਨਾਂ ਨੂੰ ਬਿਲਕੁਲ ਹੀ ਅਨਪੜ੍ਹ ਦੱਸਿਆ ਹੈ। ਮੁਕਬਲ ਦੀ ਕਹਾਣੀ ਛੋਟੀ ਪਰ ਪੁਖਤਾ ਹੈ। ਨਾਲੇ ਉਹ ਬਹੁਤ ਛੋਤੀ-ਛੋਤੀ ਸਫ਼ਰ ਤੈਅ ਕਰਦੀ ਹੈ। ਮੁਕਬਲ ਵਿਚ ਵਿਸਥਾਰ ਨਹੀਂ। ਨਾ ਹੀ ਉਹ ਆਪਣੀ ਵਿਦਵਤਾ ਅਤੇ ਗਿਆਨ ਦਾ ਵਿਖਾਲਾ ਕਰਦਾ ਹੈ। ਪਰ, ਵਾਰਿਸ ਨੂੰ ਏਦਾਂ ਕਰਨ ਦੀ ਆਦਤ ਹੈ। ਵਾਰਿਸ ਨੂੰ ਮਹਾਨ ਬਣਾਉਣ ਵਾਲੀ ਉਸ ਦੀ ਦ੍ਰਿਸ਼ਟੀ ਹੈ ਜਿਸ ਨਾਲ ਉਸ ਨੇ ਹੀਰ ਦੀ ਕਹਾਣੀ ਨੂੰ ਦੁਖਾਂਤ ਰੂਪ ਦਿੱਤਾ ਅਤੇ ਹੋਰਨਾਂ ਵਾਂਗ, ਸਣੇ ਮੁਕਬਲ ਦੇ, ਬਨਾਉਟੀ ਤੇ ਉਪਭਾਵਕ ਸੁਖਾਂਤ ਦਾ

116254

ਰੂਪ ਨਹੀਂ ਦਿਤਾ । ਫਿਰ ਵੀ ਇਹਨਾਂ ਦੋਹਾਂ ਵਿਚਕਾਰ ਬਹੁਤ ਸਾਰੇ ਪੱਖਾਂ ਉਪਰ ਸਾਂਝ ਹੈ । ਬੋਲੀ ਵਿਚ ਵੀ ਕੋਈ ਫ਼ਰਕ ਨਹੀਂ । ਬਲਕਿ ਮੁਕਬਲ ਦੇ ਕਾਵਿ-ਸ਼ਿਲਪ ਨੂੰ ਵਧੀਆ ਕਿਹਾ ਜਾ ਸਕਦਾ ਹੈ । ਬੋਲੀ ਦੀ ਵਰਤੋਂ ਕਰਨ ਵੇਲੇ—ਵਾਰਤਾਲਾਪ ਜਾਂ ਵਰਣਨ ਸਮੇਂ—ਉਹ ਵਧੇਰੇ ਅਨੁਸ਼ਾਸਨ ਵਿਚ ਰਹਿੰਦਾ ਹੈ ਤੇ ਥੋੜ੍ਹੇ ਲਫ਼ਜ਼ਾਂ ਵਿਚ ਗੱਲ ਕਰਦਾ ਹੈ । ਵਾਰਿਸ, ਸਗੋਂ ਅਕਸਰ ਕੋਂਦਰੀ ਨੁਕਤੇ ਤੋਂ ਇਧਰ ਉਧਰ ਭਟਕ ਜਾਂਦਾ ਹੈ । ਵਾਰਿਸ ਨੇ ਮੁਕਬਲ ਦੀਆਂ ਕਈ ਤੁਕਾਂ ਚੁਰਾਈਆਂ ਹਨ । ਫਿਰ ਵੀ ਵਾਰਿਸ ਮੁਕਬਲ ਨਾਲੋਂ ਬਿਰਤਾਂਤ ਦੇ ਪਖੋਂ ਉੱਤਮ ਹੈ । ਜਦੋਂ ਉਹ ਬੰਦਿਆਂ ਤੇ ਦ੍ਰਿਸ਼ਾਂ ਦਾ ਯਥਾਰਥਕ ਚਿੱਤਰ ਪੇਸ਼ ਕਰ ਰਿਹਾ ਹੁੰਦਾ ਹੈ, ਉਸ ਵੇਲੇ ਉਹ ਹੋਰ ਸਾਰਿਆ ਨੂੰ ਇਸ ਪੱਖੋਂ ਮਾਤ ਪਾ ਜਾਂਦਾ ਹੈ । ਉਸ ਵਾਂਗ ਬੰਦੇ ਤੇ ਬੰਦੇ ਵਿਚਕਾਰ ਵਾਰਤਾਲਾਪ ਅਤੇ ਨਾਟਕੀ ਮੋੜਾਂ ਨੂੰ, ਸ਼ੁਰੂ ਤੋਂ ਲੈ ਕੇ ਅਖੀਰ ਤਕ, ਪੇਸ਼ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ ।

ਪੰਜਾਬ ਦਾ ਪੇਸ਼ ਚਿੱਤਰ :

ਵਾਰਿਸ ਨੇ ਕਿੱਸੇ ਵਿਚ ਬਹੁਤ ਸਾਰਾ ਮਸਾਲਾ ਅਜਿਹਾ ਵੀ ਪੇਸ਼ ਕੀਤਾ ਹੈ ਜਿਸ ਦਾ ਕਹਾਣੀ ਨਾਲ ਕੋਈ ਸੰਬੰਧ ਨਹੀਂ ਜੁੜਦਾ । ਇਸ ਬਾਰੇ ਵੀ ਵਿਚਾਰ ਕਰ ਲੈਣੀ ਚਾਹੀਦੀ ਹੈ । ਇਸ ਦਾ ਹੀਰ ਦੀ ਕਹਾਣੀ ਦੀ ਪ੍ਰਾਣਧਾਰੀ ਏਕਤਾ ਤੇ ਉਸ ਦੇ ਪ੍ਰਭਾਵ ਉਤੇ ਵੀ ਜ਼ਰੂਰ ਮਾੜਾ ਅਸਰ ਪੈਂਦਾ ਹੈ । ਫਿਰ ਵੀ ਏਦਾਂ ਦੀ ਭਟਕਣਾ ਕੋਈ ਬਹੁਤੀ ਦੋਸ਼ ਵਾਲੀ ਗੱਲ ਨਹੀਂ ਕਹੀ ਜਾ ਸਕਦੀ ਕਿਉਂਕਿ ਇਹ ਵਿਸਥਾਰ ਕਹਾਣੀ ਨੂੰ ਰੱਜਵਾਂ ਤੇ ਭਰਵਾਂ ਪੇਸ਼ ਕਰਨ ਵਿਚ ਮਦਦ ਕਰਦਾ ਹੈ । ਇਸ ਨਾਲ ਵਾਤਾਵਰਣ ਤੇ ਸਟੇਜੀ ਪ੍ਰਭਾਵ ਵੀ ਜ਼ਿਆਦਾ ਪੈ ਸਕਦਾ ਹੈ । ਇਹ ਵੀ ਸਹੀ ਹੈ ਕਿ ਜਦੋਂ ਕਹਾਣੀ ਤੁਰਦੀ ਹੈ ਤੇ ਸਾਡੇ ਸਾਹਮਣੇ ਕਈ ਵੱਡੇ-ਵੱਡੇ ਦ੍ਰਿਸ਼ ਪੇਸ਼ ਹੁੰਦੇ ਹਨ ਜਿਸ ਨਾਲ ਸਾਰੀਆਂ ਦਾ ਅਨੇਕ ਪੱਖੀ ਵਿਸਥਾਰ ਨਾਲ ਸਾਹਮਣਾ ਹੁੰਦਾ ਹੈ । ਕੋਈ ਵੀ ਗੱਲ ਅੱਖੀਉਂ ਓਹਲੇ ਨਹੀਂ ਰਹਿ ਜਾਂਦੀ ਤੇ ਨਾ ਹੀ ਕਹਾਣੀ ਦੀ ਰਫ਼ਤਾਰ ਉਪਰ ਕੋਈ ਅਸਰ ਹੀ ਪੈਂਦਾ ਹੈ । ਏਦਾਂ ਦਾ ਬਿਆਨ ਵਾਰਿਸ ਦੀ ਇਕ ਨਵੇਕਲੀ ਖੂਬੀ ਹੀ ਕਹੀ ਜਾ ਸਕਦੀ ਹੈ । ਕਿੱਸੇ ਵਿਚ ਇਸ ਤਰ੍ਹਾਂ ਦੇ ਬਿਆਨ ਨਾਲ ਸਾਨੂੰ ਅਠਾਰ੍ਹਵੀਂ ਸਦੀ ਦੇ ਪੰਜਾਬ ਦੀ ਭਰਵੀਂ ਤਸਵੀਰ ਵੇਖਣ ਨੂੰ ਮਿਲਦੀ ਹੈ । ਖ਼ਾਸ ਕਰਕੇ ਜਦੋਂ ਅਸੀਂ ਇਕ ਥਾਂ ਤੋਂ ਦੂਜੀ ਥਾਂ ਜਾਂ ਫਿਰ ਇਕ ਬੰਦੇ ਤੋਂ ਦੂਜੇ ਬੰਦੇ ਵੱਲ ਵੱਧਦੇ ਹਾਂ, ਜਿਵੇਂ ਕਿ ਤਖ਼ਤ ਹਜ਼ਾਰੇ ਤੋਂ ਝੰਗ, ਸਿਆਲ ਤੇ ਰੰਗਪੁਰ ਤੇ ਫਿਰ ਹੀਰ ਤੇ ਰਾਂਝੇ ਨਾਲ ਸਫ਼ਰ ਕਰਦਿਆਂ ਪਰਤ ਕੇ ਇਹਨਾਂ ਥਾਵਾਂ ਉਤੇ ਆਉਂਦੇ ਹਾਂ ।

ਆਲੋਚਨਾਤਮਕ ਮੁਲੰਕਣ

ਪੰਜਾਬੀ ਦੇ ਲੋਕਯਾਨ ਵਿਚ ਹੀਰ ਤੇ ਰਾਂਝੇ ਦਾ ਇਸ਼ਕ ਸਭ ਨਾਲੋਂ ਵੱਧ ਲੋਕ-ਪਿਆਰਾ ਹੈ ਤੇ ਕਿੱਸਾ-ਕਵੀਆਂ ਵਿਚੋਂ ਵਾਰਿਸ ਸ਼ਾਹ ਸਿਖਰ ਤੇ ਹੈ। ਇਹ ਗੱਲ ਨਹੀਂ ਕਿ ਵਾਰਿਸ ਦੇ ਕਿੱਸੇ ਵਿਚ ਛੋਟੀ-ਮੋਟੀ ਕੋਈ ਕਮੀ ਨਹੀਂ। ਨਾ ਹੀ ਇਹ ਗੱਲ ਹੈ ਕਿ ਬਾਕੀ ਕਵੀਆਂ ਵਿਚ ਕਿਧਰੇ ਵੀ ਕਲਾ ਕੌਸ਼ਲਤਾ ਦਾ ਕੋਈ ਪ੍ਰਮਾਣ ਹੀ ਨਹੀਂ ਮਿਲਦਾ। ਵੱਡੀ ਗੱਲ ਇਹ ਹੈ ਕਿ ਜਦੋਂ ਸਾਰੇ ਗੁਣਾਂ ਤੇ ਔਗੁਣਾਂ ਦਾ ਲੇਖਾ-ਜੋਖਾ ਕਰਦੇ ਹਾਂ ਤਾਂ ਵਾਰਿਸ ਕੁਲ ਮਿਲਾ ਕੇ, ਅੱਗੇ ਨਿਕਲ ਜਾਂਦਾ ਹੈ। ਅਸਲ ਵਿਚ ਕਿਸੇ ਵੀ ਪੱਖ ਤੋਂ ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਭਾਵੇਂ ਉਹ ਉਸ ਤੋਂ ਪਹਿਲਾਂ ਦੇ ਪੰਜਾਬ ਦੇ ਕਿੱਸਾਕਾਰ ਹੋਵੇ ਜਾਂ ਬਾਅਦ ਦਾ।

ਹਾਲਾਂ ਕਿ ਉਹ ਮੁਸਲਮਾਨ ਸੀ ਤੇ ਅਠਾਰ੍ਹਵੀਂ ਸਦੀ ਵਿਚ ਹੋਇਆ। ਤਾਂ ਵੀ ਉਸ ਦੀਆਂ ਤੁਕਾਂ ਜਦੋਂ ਹੀਰ ਦੀ ਕਲਾਸਕੀ ਸ਼ੈਲੀ ਵਿਚ ਗਾਈਆਂ ਜਾਂਦੀਆਂ ਹਨ ਤਾਂ ਕੀ ਪੇਂਡੂ ਤੇ ਕੀ ਸ਼ਹਿਰੀ, ਦੋਹਾਂ ਪ੍ਰਕਾਰ ਦੇ ਪੰਜਾਬੀ ਸ੍ਰੋਤਿਆਂ ਨੂੰ ਅੱਜ ਵੀ ਕੀਲ ਲੈਂਦੀਆਂ ਹਨ। ਇਸ ਦਾ ਕਾਰਣ ਇਹ ਹੈ ਕਿ ਵਾਰਿਸ ਦਾ ਲਿਖਿਆ ਹੀਰ ਦਾ ਕਿੱਸਾ ਬਾਕੀ ਕਿੱਸਿਆਂ ਨਾਲੋਂ ਵਧੇਰੇ ਪੰਜਾਬੀ ਹੈ।

ਉਸ ਦੀ ਪੰਜਾਬੀਅਤ ਦੀਆਂ ਜੜ੍ਹਾਂ ਉਸ ਦੇ ਯਥਾਰਥਕ ਚਿੱਤਰਾਂ ਵਿਚ ਹਨ। ਅਸੀਂ ਇਸ ਗੱਲ ਦਾ ਜ਼ਿਕਰ ਕਰ ਆਏ ਹਾਂ ਕਿ ਉਹ ਹਿੰਦੁਸਤਾਨ ਦੀਆਂ ਪ੍ਰਾਚੀਨ ਰਵਾਇਤਾਂ ਤੋਂ ਉਲਟ ਕਹਾਣੀ ਦਾ ਅੰਤ ਸੁਖਾਂਤ ਵਿਚ ਪੇਸ਼ ਨਹੀਂ ਕਰਦਾ। ਈਰਾਨ ਦੀਆਂ ਇਸ਼ਕ ਕਹਾਣੀਆਂ ਜਿਵੇਂ ਕਿ ਸ਼ੀਰੀ ਫਰਹਾਦ ਤੇ ਲੈਲਾ ਮਜਨੂੰ ਤਕ, ਜੋ ਪੰਜਾਬੀ ਸਭਿਆਚਾਰ ਦਾ ਅੰਗ ਬਣ ਗਈਆਂ, ਦੁਖਾਂਤ ਹਨ। ਏਦਾਂ ਹੋਣਾ ਹੀ ਸੀ। ਉਹਨਾਂ ਦਿਨਾਂ ਵਿਚ ਇਸ਼ਕ ਦੀ ਮਨਾਹੀ ਸੀ ਤੇ ਜਿਹੜਾ ਸਮਾਜ ਦੀ ਇਸ ਰਹੁ-ਰੀਤ ਦੀ ਉਲੰਘਣਾ ਕਰਦਾ ਉਸ ਨੂੰ ਇਸ ਦੀ ਕੀਮਤ ਤਾਰਨੀ ਪੈਂਦੀ। ਇਸ ਤਰ੍ਹਾਂ ਵਾਰਿਸ ਵਧੇਰੇ ਯਥਾਰਥਕ ਸੀ ਜਦੋਂ ਉਹਨੇ ਪ੍ਰੇਮੀਆਂ ਨੂੰ ਮਰਦਿਆਂ ਦਿਖਾਇਆ ਨਾ ਕਿ ਸਦੀਵੀ ਆਨੰਦਮਈ ਮਿਲਾਪ ਨੂੰ ਭੋਗਦਿਆਂ ਪੇਸ਼ ਕੀਤਾ।

ਵਾਰਿਸ ਇਕੱਲਾ ਹੀ ਅਜਿਹਾ ਕਿੱਸਾਕਾਰ ਹੈ ਜਿਸ ਨੇ ਕਹਾਣੀ ਦੀ ਬੁਣਤਰ ਵਿਚ ਢੇਰ ਸਾਰਾ ਯਥਾਰਥ ਸ਼ਾਮਲ ਕੀਤਾ। ਇਸ ਤਰ੍ਹਾਂ ਦੇ ਏਕਾਲਾਪਾ ਵਾਰਤਾਲਾਪ ਤੇ ਪੇਂਡੂ ਜੀਵਨ ਦੀ ਪੇਸ਼ਕਾਰੀ ਨਿਸ਼ਚੇ ਹੀ ਯਥਾਰਥਕ ਜਾਪਦੇ ਹਨ। ਵਾਰਿਸ ਦੇ ਕਿੱਸੇ ਵਿਚ ਅਨੇਕਾਂ ਇਸ ਪ੍ਰਕਾਰ ਦੇ ਦ੍ਰਿਸ਼ ਹਨ ਜਿਵੇਂ ਕਿ ਸਭਾਵਾਂ, ਵਾਦ-ਵਿਵਾਦ,

ਦਲੀਲ ਬਾਜ਼ੀਆਂ, ਭਾਵਾਂ ਦਾ ਆਦਾਨ-ਪ੍ਰਦਾਨ ਤੇ ਮਨੋਬਚਨੀਆਂ ਆਦਿ, ਜਿਨ੍ਹਾਂ ਨਾਲ ਵਾਰਿਸ ਸ਼ਾਹ ਦੇ ਸਮੇਂ ਦੇ ਪੰਜਾਬ ਦੀ ਭਰਪੂਰ ਤਸਵੀਰ ਦੇਖਣ ਨੂੰ ਮਿਲਦੀ ਹੈ।

ਪਾਤਰ-ਚਿੱਤ੍ਰਣ ਵਿਚ ਵੀ ਕਮਾਲ ਦਾ ਯਥਾਰਥ ਪੇਸ਼ ਹੋਇਆ ਹੈ। ਨਾਇਕ, ਨਾਇਕਾ ਤੇ ਉਸ ਦੇ ਸੰਗੀ-ਸਾਥੀ, ਕੈਦੋ ਲੰਡਾ, ਹੀਰ ਦੇ ਮਾਂ-ਪਿਉ, ਰਾਂਝੇ ਦੇ ਭਰਾ ਤੇ ਉਸ ਦੀਆਂ ਭਰਜਾਈਆਂ, ਮਸਜਿਦ ਦਾ ਮੁੱਲਾ, ਆਜੜੀ, ਜੋਗੀ, ਸੈਦਾ ਖੇੜਾ ਤੇ ਉਸ ਦੀ ਬਾਗੀ ਭੈਣ ਸਹਿਤੀ ਤੇ ਹੋਰ ਸਾਰੇ ਛੋਟੇ ਤੇ ਵੱਡੇ ਪਾਤਰ, ਜਿਹੜੇ ਇਸ ਕਿੱਸੇ ਵਿਚ ਪੇਸ਼ ਹੋਏ ਹਨ, ਅਸਲੋਂ ਹੀ ਯਥਾਰਥਕ ਕਹੇ ਜਾ ਸਕਦੇ ਹਨ। ਨਾਲੇ ਕਿੱਸੇ ਵਿਚ ਪੇਂਡੂ ਭਾਈਚਾਰੇ ਦਾ ਮਨੋ-ਵਿਗਿਆਨ, ਸਦਾਚਾਰਕ ਕੀਮਤਾਂ, ਸੋਚਣੀ, ਸਮਾਜ ਦੇ ਵੱਖ ਵੱਖ ਲੋਕਾਂ ਦੀ ਰਹਿਣੀ ਬਹਿਣੀ, ਰਸਮੋ-ਰਿਵਾਜ, ਅਕੀਦੇ ਆਦਿ ਏਦਾਂ ਅੰਕਿਤ ਹੋਏ ਹਨ ਕਿ ਉਹਨਾਂ ਦੁਆਰਾ ਹਰ ਕੋਈ ਇਤਿਹਾਸਕ ਗਿਆਨ ਪ੍ਰਾਪਤ ਕਰ ਸਕਦਾ ਹੈ।

ਵਾਰਿਸ ਨੇ ਅਹਿਮਦ ਗੁਜਰ ਤੇ ਮੁਕਬਲ ਵਾਂਗ ਆਪਣੇ ਆਪ ਨੂੰ ਮਹਿਜ਼ ਕਹਾਣੀ ਦੀ ਬਾਹਰਲੀ ਰੂਪ-ਰੇਖਾ ਤਕ, ਸੀਮਿਤ ਨਹੀਂ ਕੀਤਾ, ਉਸ ਦਾ ਘਟਨਾਵਾਂ ਤੇ ਪਰਸਥਿਤੀਆਂ ਦਾ ਵਿਸਥਾਰ ਪੂਰਵਕ ਵਰਣਨ ਸਮੁੱਚੇ ਬਿਰਤਾਂਤ ਨੂੰ ਸਮਕਾਲੀ ਸਮੇਂ ਨਾਲ ਗਹਿਰਾਈ ਨਾਲ ਸੰਬੰਧਿਤ ਕਰ ਦੇਂਦਾ ਹੈ।

ਕਈ ਥਾਵਾਂ ਉਤੇ ਪਰਾਸਰੀਰਕ ਅੰਸ਼ ਵੀ ਪ੍ਰਵੇਸ਼ ਕਰਦਾ ਹੈ ਜੋ ਕਹਾਣੀ ਦੇ ਵਿਕਾਸ ਵਿਚ ਫੈਸਲਾਕੁਨ ਮੋੜ ਲਿਆਉਂਦਾ ਹੈ। ਮਿਸਾਲ ਦੇ ਤੌਰ ਤੇ, ਸ਼ੁਰੂ ਵਿਚ ਹੀ, 'ਪੰਜਾਂ ਪੀਰਾਂ' ਦਾ ਝੰਗ ਨੂੰ ਜਾਂਦੇ ਰਾਂਝੇ ਦੀ ਵੰਝਲੀ ਸੁਣ ਕੇ ਖੁਸ਼ ਹੋਣਾ ਤੇ ਹੀਰ ਉਸ ਨੂੰ ਬਖਸ਼ਿਸ਼ ਦੇ ਤੌਰ ਤੇ ਸੌਂਪ ਦੇਣਾ। ਕੋਟ ਕਬੂਲਾ ਦੇ ਕਾਜ਼ੀ ਦਾ ਰਾਂਝੇ ਦੇ ਖਿਲਾਫ ਤੇ ਸੈਦੇ ਖੇੜੇ ਦੇ ਹੱਕ ਵਿਚ ਫੈਸਲਾ ਸੁਣਾਉਣ ਮਗਰੋਂ ਕਚਹਿਰੀ ਵਿਚ ਅੱਗ ਲਗ ਜਾਣਾ। ਫਿਰ ਵੀ ਵਾਰਿਸ ਦੀ ਸਮੁੱਚੀ ਬਿਰਤਾਂਤਕ ਕਲਾ ਦਾ ਕੋਈ ਜਵਾਬ ਨਹੀਂ ਕਿਉਂਕਿ ਉਸ ਵਿਚ ਕਹਿਰਾਂ ਦਾ ਯਥਾਰਥ ਪੇਸ਼ ਹੋਇਆ ਹੈ ਤੇ ਕੋਈ ਵੀ ਉਸ ਦੇ ਨੇੜੇ ਤੇੜੇ ਨਹੀਂ ਅਪੜ ਸਕਦਾ।

ਹੀਰ-ਰਾਂਝੇ ਦੇ ਕਿੱਸੇ ਦੇ ਪਾਤਰ, ਕਿਉਂਕਿ ਮੁਸਲਮਾਨ ਹਨ, ਇਸ ਲਈ ਮੁਸਲਮਾਨੀ ਕਿਰਸਾਣੀ ਦੀ ਰਹਿਣੀ-ਬਹਿਣੀ ਦਾ ਉਚੇਚੇ ਤੌਰ ਤੇ ਪੇਸ਼ ਹੋਣਾ ਲਾਜ਼ਮੀ ਹੈ। ਪਰ ਜਦ ਕਿ ਮੁਸਲਮਾਨਾਂ ਦੀ ਬਹੁਤੀ ਵਸੋਂ ਹਿੰਦੂਆਂ ਵਿਚੋਂ ਪਰਿਵਰਤਿਤ ਹੋ ਕੇ ਆਈ ਸੀ, ਇਸ ਲਈ ਸਮਾਜਕ ਢਾਂਚਾ ਤੇ ਰਸਮੋ-ਰਿਵਾਜ ਮੱਧਕਾਲੀ ਸਮੇਂ ਦੇ ਪੰਜਾਬ ਦੇ ਹੀ ਮਿਲਦੇ ਹਨ। ਕਿੱਸੇ ਦੇ ਮੁਸਲਮਾਨ ਪਾਤਰਾਂ ਦੇ ਹੁੰਦਿਆਂ ਵੀ ਲੋਕਯਾਨ ਵਿਚੋਂ ਲਏ ਗਏ ਕੁਝ ਹਿੰਦੂ ਪੱਖ ਕਿੱਸੇ ਵਿਚ ਹਾਜ਼ਰ ਹਨ। ਮਿਸਾਲ ਦੇ ਤੌਰ ਤੇ ਰਾਂਝਾ, ਮੁਸਲਮਾਨ ਹੈ, ਹੀਰ ਵੀ ਮੁਸਲਮਾਨ ਹੈ, ਤਾਂ ਵੀ ਉਹ ਰਾਂਝੇ ਨੂੰ ਜੋਗੀਆਂ ਦੇ ਟੋਲੇ ਵਿਚ ਸ਼ਾਮਲ ਹੋਣ ਲਈ ਰਾਜ਼ੀ ਕਰ ਲੈਂਦੀ ਹੈ। ਇਕ ਮੁਸਲਮਾਨ ਕਾਜ਼ੀ ਇਕ ਵਿਆਹੀ ਹੋਈ ਕੁੜੀ ਨੂੰ ਹਿੰਦੂ ਜੋਗੀ ਦੇ ਹਵਾਲੇ ਕਰਦਾ ਹੈ, ਜਦ ਕਿ ਮਜ਼ਹਬ ਦੇ ਪੱਖੋਂ ਉਹਨਾਂ ਵਿਚ ਕੋਈ ਸਾਂਝ ਨਹੀਂ ਸੀ।

ਕਵਿਤਾ ਹੋਣ ਕਰਕੇ, ਬੇਸ਼ਕ, ਕੁਝ ਮਾਤਰਾ ਵਿਚ ਪ੍ਰਮੁੱਖ ਤੇ ਸਹਾਇਕ ਪਾਤਰਾਂ ਨੂੰ, ਉਹਨਾਂ ਦੇ ਕਿੱਤਿਆਂ ਤੇ ਥਾਵਾਂ ਨੂੰ ਪੇਸ਼ ਕਰਨ ਵੇਲੇ ਅਤਿਕਥਨੀ ਦੀ ਵਰਤੋਂ ਜ਼ਰੂਰ

ਹੋਈ ਹੈ ਪਰ ਇਸ ਦਾ ਬੁਨਿਆਦੀ ਯਥਾਰਥਕ ਪੇਸ਼ਕਾਰੀ ਉਤੇ ਕੋਈ ਮਾੜਾ ਅਸਰ ਪਿਆ ਨਹੀਂ ਲਗਦਾ, ਕਿੱਸੇ ਵਿਚ ਟਾਈਪ, ਵਿਅਕਤੀਗਤ ਪਾਤਰ, ਪ੍ਰਤੀਕ ਤੇ ਵਿਚਾਰ-ਪ੍ਰਧਾਨ ਪਾਤਰ ਵੀ ਪ੍ਰਾਪਤ ਹਨ। ਹਾਲਾਂ ਕਿ ਇਸ ਵਿਚ ਟਾਈਪ-ਪਾਤਰਾਂ ਦੀ ਹੀ ਬਹੁਲਤਾ ਹੈ ਜੋ ਇਹ ਇਸ ਪ੍ਰਕਾਰ ਦੀ ਬਿਰਤਾਂਤਕ ਕਵਿਤਾ ਦਾ ਖ਼ਾਸਾ ਹੁੰਦਾ ਹੈ।

ਨਾਇਕ ਧੀਦੋ (ਵਹੀਦੂਦੀਨ ਰਾਂਝਾ) ਇਕ ਅੱਲੜ, ਨੌਜਵਾਨ ਕਿਸਾਨ ਤੇ ਤਖਰ ਮੁੰਡਾ ਹੈ ਪਰ ਹੈ ਬੜਾ ਹੀ ਨਾਜ਼ੁਕ-ਮਿਜ਼ਾਜ ਜਿਸ ਦਾ ਆਪਣੇ ਭਰਾਵਾਂ ਤੇ ਭਰਜਾਈਆਂ ਨਾਲ ਕੋਈ ਵੀ ਮੇਲ ਨਹੀਂ ਤੇ ਜਿਹੜੇ ਮਿਲ ਕੇ ਉਸ ਨੂੰ ਘਰੋਂ ਤੇ ਫਿਰ ਪਿੰਡੋਂ ਬਾਹਰ ਧੱਕ ਦੇਂਦੇ ਹਨ। ਉਹ ਦੁੱਖੀ ਹੈ, ਇਸ਼ਕ-ਮਿਜ਼ਾਜ ਹੈ; ਤੇ ਸਿਰੜੀ ਹੈ, ਕਰੜਾ ਹੈ ਪਰ ਉਸ ਵਿਚ ਕੋਈ ਪਹਿਲ-ਕਦਮੀ ਨਹੀਂ। ਉਸ ਨੂੰ ਇਕ ਅੱਧਘੜ, ਅੱਲੜ੍ਹ ਮੁੰਡੇ ਦੇ ਰੂਪ ਵਿਚ ਇਕ ਵਧੀਆ ਬਾਂਸਰੀਵਾਦਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਨਾਲੇ ਕੰਮ ਤੋਂ ਕੰਨੀਂ ਕਤਰਾਉਣ ਵਾਲਾ, ਜਲਦੀ ਗੁੱਸੇ ਹੋਣ ਵਾਲਾ ਤੇ ਝੱਟ ਛੱਡ ਛਡਾ ਕੇ ਜੰਗਲਾਂ ਨੂੰ ਜਾਣ ਦਾ ਇੱਛਕ ਦੱਸਿਆ ਹੈ। ਉਸ ਦਾ ਕੋਈ ਬੇਲੀ ਨਹੀਂ। ਜਦੋਂ ਉਸ ਨੂੰ ਜੱਦੀ ਪਿੰਡ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਕੋਈ ਵੀ ਹਮਦਰਦੀ ਕਰਨ ਵਾਲਾ ਜਾਂ ਉਸ ਦਾ ਖਿਆਲ ਰੱਖਣ ਵਾਲਾ ਨਹੀਂ ਮਿਲਦਾ। ਔਰਤਾਂ ਵੀ ਉਸ ਨੂੰ ਐਵੇਂ ਹੀ ਸ਼ੌਕੀਨ ਜਿਹਾ ਮੁੰਡਾ ਹੀ ਸਮਝਦੀਆਂ ਹਨ। ਭਰਜਾਈਆਂ ਵੀ ਚਾਹੁੰਦੀਆਂ ਹਨ ਕਿ ਉਹ ਉਹਨਾਂ ਨਾਲ ਪਿਆਰ ਕਰੇ ਜਦੋਂ ਉਹ ਉਸ ਨੂੰ ਕਹਿੰਦੀਆਂ ਹਨ :

ਸਾਡਾ ਹੁਸਨ ਪਸੰਦ ਨ ਲਿਆਵਨਾ ਏਂ,
ਜਾਹ ਹੀਰ ਸਿਆਲ ਵਿਆਹਿ ਲਿਆਵੀਂ। ...

ਇਸ ਤਰ੍ਹਾਂ ਦੀ ਛੇੜ-ਛਾੜ ਉਸ ਨੂੰ ਅਵਾਰਾ ਬਣਾ ਦੇਂਦੀ ਹੈ। ਉਹ ਚਾਪਲੂਸੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਤੇ ਮੈਲੇ ਮਨ ਵਾਲੇ ਮਸਜਿਦ ਵਿਚ ਰਹਿਣ ਵਾਲੇ ਮੁੱਲਾਂ ਨੂੰ ਕੋਸਦਾ ਹੈ। ਉਸ ਵਿਚ ਝੱਲੀ ਨਾ ਜਾ ਸਕਣ ਵਾਲੀ ਕਾਮੁਕ ਖਿੱਚ ਹੈ ਔਰਤਾਂ ਛੇਤੀ ਹੀ ਉਸ ਉਪਰ ਫਿਦ੍ਹਾ ਹੋਣ ਲਈ ਤਿਆਰ ਹਨ। ਹੀਰ, ਬੜੀ ਫਿਰੰਤੂ, ਆਤਮ-ਵਿਸ਼ਵਾਸੀ ਤੇ ਮਾਣ ਮਤੀ ਹੈ, ਉਸ ਨੂੰ ਸਮਾਜਕ ਰੁੱਤਬੇ ਦਾ ਹੰਕਾਰ ਵੀ ਹੈ, ਜਿਸ ਵਿਚ ਸਰਬਮਈ ਹੋਣ ਦੇ ਸਾਰੇ ਗੁਣ ਮੌਜੂਦ ਹਨ। ਅਸਲ ਵਿਚ ਹੁਸਨ ਦਾ ਇਕ ਮੁਜੱਸਮਾ ਹੈ, ਜਦੋਂ ਉਹ ਝੰਗ ਵਿਚ ਪਲੰਘ ਉਪਰ ਸੁੱਤੇ ਰਾਂਝੇ ਨੂੰ ਮਿਲਦੀ ਹੈ ਤਾਂ ਝੱਟ ਹੀ ਬਿਨਾਂ ਕਿਸੇ ਹੀਲ-ਹੁਜਤ ਦੇ, ਉਸ ਨੂੰ ਆਪਣਾ ਦਿਲ ਦੇ ਬੈਠਦੀ ਹੈ।

ਜਿਹੜਾ ਵੀ ਕੋਈ ਮੂਲ ਪਾਠ ਤਕ ਨਹੀਂ ਅਪੜਦਾ, ਉਸ ਨੂੰ ਵਾਰਿਸ ਦੇ ਹੀਰ ਦੇ ਕਿੱਸੇ ਵਿਚ ਮਿਲਦੀ ਪੰਜਾਬੀਅਤ ਦੀ ਮਹਿਕ ਤੋਂ ਜਾਣੂ ਕਰਵਾਉਣਾ ਅਸਲੋਂ ਹੀ ਨਾ-ਮੁਮਕਿਨ ਹੈ। ਸਿਰਫ ਪੰਜਾਬੀ ਜਾਂ ਪੰਜਾਬੀ ਜਾਣਦਾ ਬੰਦਾ ਹੀ ਕਿੱਸੇ ਦੀਆਂ ਤੁਕਾਂ, ਜਦੋਂ ਉਹ ਗਾਈਆਂ ਜਾ ਰਹੀਆਂ ਹੋਣ, ਤੇ ਜਿਸ ਨੂੰ ਗਾ ਕੇ ਕਵੀ ਨੇ ਆਪ ਵਿਕਸਤ ਤੇ ਮਕਬੂਲ ਕੀਤਾ, ਵਿਚਲੀ ਅਜ਼ਮਤ ਨੂੰ, ਜੋ ਪੰਜਾਬੀਆ ਦੀ ਪੰਜਾਬੀ ਹੈ, ਵਾਰਿਸ ਨੇ ਹੋਰਨਾਂ ਪਹਿਲਾਂ ਤੇ ਪਿਛੋਂ ਹੋਏ ਕਵੀਆਂ ਨਾਲੋਂ ਕਿੰਨੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ, ਜਾਣ ਸਕਦਾ ਹੈ।

ਕਲਾਮ ਵਾਰਿਸ ਸ਼ਾਹ

ਵਾਰਸ ਦੇ ਸ਼ਾਹਕਾਰ 'ਕਿੱਸਾ ਹੀਰ' ਦੇ ਸੁਭਾਅ ਤੇ ਸ਼ੈਲੀ ਬਾਰੇ ਕੁਝ ਪਤਾ ਲਗ ਸਕੇ, ਇਸ ਲਈ ਵੱਡੇ ਆਕਾਰ ਦੇ ਪਾਠ ਵਿਚੋਂ ਕੁਝ ਕੁ ਟੂਕਾਂ ਇਥੇ ਦਿੱਤੀਆਂ ਜਾ ਰਹੀਆਂ ਹਨ। ਥੋੜ੍ਹੀ ਜਿੰਨੀ ਜਾਣਕਾਰੀ ਕ੍ਰਮ ਤੇ ਹਾਲਾਤ ਦੇ ਪਲਟਿਆਂ ਬਾਰੇ ਵੀ ਪ੍ਰਾਪਤ ਹੋ ਸਕੇਗੀ। ਜਿਥੋਂ ਤਕ ਪ੍ਰਮੁੱਖ ਪਾਤਰਾਂ ਦਾ ਸਵਾਲ ਹੈ ਉਹਨਾਂ ਦਾ ਜ਼ਿਕਰ ਅਗਲੇ ਹਿੱਸੇ ਵਿਚ ਆ ਜਾਏਗਾ, ਨਾਲ਼ੇ ਚਟਪੱਟੀਆਂ ਪਰਿਸਥਿਤੀਆਂ ਬਾਰੇ ਵੀ ਇਸ਼ਾਰੇ ਮਿਲਣਗੇ। ਪਰ ਗੌਣ ਪਾਤਰ ਜਿਨ੍ਹਾਂ ਦੀ ਗਿਣਤੀ ਬੇਸ਼ੁਮਾਰ ਹੈ, ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਕਿਸੀ ਵੀ ਸੂਰਤ ਵਿਚ ਵਾਰਸ ਦੀ ਨਿਖੜਵੀਂ ਲੈਅ ਤੇ ਸੰਗੀਤਾਮਕਤਾ ਨੂੰ ਕਾਇਮ ਰਖਣਾ ਮੁਮਕਿਨ ਨਹੀਂ। ਨਾਲੇ, ਹਰ ਕੋਈ ਇਸ 'ਸ਼ਾਹਕਾਰ-ਰਚਨਾ' ਦੇ ਖਮੀਰ ਤੇ ਸਥਾਨਕ ਰੰਗ ਬਾਰੇ ਵੀ ਜਾਣਨਾ ਚਾਹੇਗਾ। ਪਰ, ਇਹ ਵੀ ਗੈਰ ਹਾਜ਼ਰ ਹੀ ਸਮਝੋ। ਇਨ੍ਹਾਂ ਸਾਰੀਆਂ ਘਾਟਾਂ ਦੇ ਬਾਵਜੂਦ ਅਗਲੇਰੇ ਪੰਨਿਆਂ ਵਿਚ ਦਿਤਾ ਗਿਆ ਪਾਠ ਤਲਬ ਨੂੰ ਜ਼ਰੂਰ ਪੂਰੀ ਕਰੇਗਾ। ਇਨ੍ਹਾਂ ਪੰਨਿਆਂ ਤੋਂ ਬਿਨਾਂ ਪਿਛਲੇ ਪੰਨਿਆਂ ਉਤੇ ਦਿਤਾ ਗਿਆ ਮਸਾਲਾ ਮਹਿਜ਼ ਇਕ ਖਾਕਾ ਬਣ ਕੇ ਰਹਿ ਜਾਏਗਾ। ਮੈਨੂੰ ਉਮੀਦ ਹੈ ਕਿ ਇਹ ਅਗਲੇਰੇ ਪੰਨਿਆਂ ਤੇ ਦਿਤੀਆਂ ਟੂਕਾਂ ਉਦਾਹਰਣਾਂ ਵਜੋਂ ਕੰਮ ਆਉਣਗੀਆਂ।

ਹਮਦ

ਅਵਲ ਹਮਦ ਖੁਦਾ ਦਾ ਵਿਰਦ ਕੀਜੇ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ ।
ਪਹਿਲਾਂ ਆਪ ਅਲਾਹ ਨੇ ਇਸ਼ਕ ਕੀਤਾ,
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ ।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਕ਼ੁਲਾ ਰੰਜੂਲ ਮੀਆਂ ।
ਖੁਲ੍ਹੇ ਤਿਨ੍ਹਾਂ ਦੇ ਬਾਬ ਕਲੂਬ ਅੰਦਰ
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ ।

ਰਸੂਲ ਮਕਬੂਲ ਦੀ ਹਜ਼ੂਰੀ ਵਿਚ ਨਾਅਤ

ਦੂਈ ਨਾਅਤ ਰਸੂਲ ਮਕਬੂਲ ਵਾਲੀ,
ਜਿਦੇ ਹੱਕ ਨਜੂਲ ਲੌਕਾਕ ਕੀਤਾ ।
ਖ਼ਾਕੀ ਸਾਜ਼ ਕੇ ਮਰਤਬਾ ਵਡਾ ਦਿਤਾ,
ਸਭ ਖਲਕ ਦੇ ਐਬ ਥੀਂ ਪਾਕ ਕੀਤਾ ।

ਰਸੂਲ ਖ਼ੁਦਾ ਦੇ ਚਾਰ ਯਾਰਾਂ ਦੀ ਸਿਫ਼ਤ ਸਲਾਹ

ਚਾਰੇ ਯਾਰ ਰਸੂਲ ਦੇ ਚਾਰ ਗੌਹਰ,
ਸਭੇ ਇਕ ਥੀਂ ਇਕ ਚੜ੍ਹੰਦੜੇ ਨੇ ।
ਆਬੂ ਬਕਰ ਤੇ ਉਮਰ ਉਸਮਾਨ ਅਲੀ,
ਆਪੋ ਆਪਣੇ ਗੁਣੀਂ ਸਹੁੰਦੜੇ ਨੇ ।
ਜਿਨ੍ਹਾਂ ਸਿਦਕ ਯਕੀਨ ਤਹਕੀਕ ਕੀਤਾ
ਰਾਹ ਰੱਬ ਦੇ ਸੀਸ ਵਿਕੰਦੜੇ ਨੇ ।
ਜ਼ੋਕ ਛੱਡ ਕੇ ਜਿਨ੍ਹਾਂ ਨੇ ਜ਼ੁਹਦ ਕੀਤਾ,
ਵਾਹ ਵਾਹ ਉਹ ਰੱਬ ਦੇ ਬੰਦੜੇ ਨੇ ।

ਹਜ਼ਰਤ ਬਾਬਾ ਫਰੀਦ ਸ਼ਕਰ-ਗੰਜ ਦੀ ਸਿਫ਼ਤ

ਮੌਦੂਦ ਦਾ ਲਾਡਲਾ ਪੀਰ ਚਿਸ਼ਤੀ
ਸ਼ਕਰ-ਗੰਜ ਮਸਊਦ ਭਰਪੂਰ ਹੈ ਜੀ ।
ਖ਼ਾਨਦਾਨ ਵਿਚ ਚਿਸ਼ਤ ਦੇ ਕਾਮਲੀਅਤ
ਸ਼ਹਿਰ ਫ਼ਕਰ ਦਾ ਪਟਨ ਮਸ਼ਹੂਰ ਹੈ ਜੀ ।
ਬਾਈਆਂ ਕੁਤਬਾਂ ਵਿਚ ਹੈ ਪੀਰ ਕਮਾਲ,
ਜਿਸ ਦੀ ਆਜਜ਼ੀ ਜ਼ੁਹਦ ਮਨਜ਼ੂਰ ਹੈ ਜੀ ।
ਸ਼ਕਰ-ਗੰਜ ਹੈ ਆਣ ਮਕਾਨ ਕੀਤਾ,
ਦੁੱਖ ਦਰਦ ਪੰਜਾਬ ਦਾ ਦੂਰ ਹੈ ਜੀ ।

ਸ਼ੁਰੂ ਕਿੱਸਾ

(ਮੌਜੂ ਚੌਧਰੀ ਦਾ ਕਾਲ-ਵੱਸ ਹੋਣਾ)

ਤਕਦੀਰ ਸੇਤੀ ਮੌਜੂ ਫੌਤ ਹੋਇਆ,
ਭਾਈ ਧੀਦੋ ਦੇ ਨਾਲ ਖਹੇੜਦੇ ਨੀ ।
ਖਾਏ ਰੱਜਿ ਕੇ, ਘੂਰਦਾ ਫਿਰੇ ਰੰਨਾਂ,
ਕੱਢ ਰਿਕਤਾਂ ਧੀਦੋ ਨੂੰ ਛੇੜਦੇ ਨੀ ।
ਨਿੱਤ ਸੱਜਰਾ ਘਾਉ ਕਲੇਜੜੇ ਦਾ,
ਗੱਲਾਂ ਤ੍ਰਿਖੀਆਂ ਨਾਤ ਉਚੇੜਦੇ ਨੀ ।
ਭਾਈ ਭਾਬੀਆਂ ਵੈਰ ਦੀਆਂ ਕਰਨ ਗੱਲਾਂ,
ਏਹੋ ਝੰਜਟਾਂ ਨਿੱਤ ਨਬੇੜਦੇ ਨੀ ।

❑

ਰਾਂਝੇ ਦੇ ਭਰਾਵਾਂ ਨੇ ਕਾਜ਼ੀ ਨੂੰ ਜ਼ਮੀਨ ਵੰਡਣ ਵਾਸਤੇ ਬੁਲਾਣਾ

ਹਾਜ਼ਿਰ ਕਾਜ਼ੀ ਦੇ ਪੈਂਚ ਸਦਾਇ ਸਾਰੇ,
ਭਾਈਆਂ ਜ਼ਿਮੀ ਨੂੰ ਕੱਛ ਪਵਾਈਆ ਈ ।
ਵੱਢੀ ਦੇ ਕੇ ਜਿਮੀਂ ਲੈ ਗਏ ਚੰਗੀ,
ਬੰਜਰ ਜਿਮੀਂ ਰੰਝੇਟੇ ਨੂੰ ਆਈਆ ਈ ।
ਕੱਛਾਂ ਮਾਰ ਸ਼ਰੀਕ ਮਜ਼ਾਕ ਕਰਦੇ,
ਭਾਈਆਂ ਰਾਂਝੇ ਬਾਬ ਬਣਾਈਆ ਈ ।
ਗੱਲ ਭਾਬੀਆਂ ਇਹ ਬਣਾ ਛੱਡੀ,
ਮਗਰ ਜੱਟ ਦੇ ਫੱਕੜੀ ਲਾਈਆ ਈ ।

ਰਾਂਝੇ ਦਾ ਗੁੱਸੇ ਹੋਣਾ ਭਾਬੀਆਂ ਨਾਲ

ਰਾਂਝਾ ਆਖਦਾ, ਭਾਬੀਓ ਵੈਰ ਨੀ,
ਤੁਸਾਂ ਭਾਈਆਂ ਨਾਲੋਂ ਵਿਛੋੜਿਆ ਜੇ ।
ਖੁਸ਼ੀ ਰੂਹ ਨੂੰ ਬਹੁਤ ਦਿਲਗੀਰ ਕਰਕੇ,
ਤੁਸਾਂ ਫੁੱਲ ਗੁਲਾਬ ਦਾ ਤੋੜਿਆ ਜੇ ।
ਸਕਿਆਂ ਭਾਈਆਂ ਨਾਲੋਂ ਵਿਛੋੜ ਮੈਨੂੰ,
ਕੈਂਡਾ ਵਿਚ ਕਲੇਜੇ ਦੇ ਪੋੜਿਆ ਜੇ ।
ਭਾਈ ਜਿਗਰ ਤੇ ਜਾਨ ਸਾਂ ਅਸੀਂ ਅੱਠੇ,
ਵਖੋ ਵਖ ਨੀ ਚਾਇ ਵਿਛੋੜਿਆ ਜੇ ।
ਜਦੋਂ ਸਫ਼ਾਂ ਹੋ ਟੁਰਨਗੀਆਂ ਤਰਫ ਜੰਨਤ,
ਵਾਰਸ ਸ਼ਾਹ ਦੀ ਵਾਗ ਨ ਮੋੜਿਆ ਜੇ ।

ਭਾਬੀਆਂ ਨੂੰ ਰਾਂਝੇ ਦਾ ਜਵਾਬ

ਭਾਬੀ, ਰਿਜਕ ਉਦਾਸ ਜਾਂ ਹੋਇ ਟੁਰਿਆ,
ਹੁਣ ਕਾਸਨੂੰ ਘੇਰ ਕੇ ਠਗਦੀਆਂ ਹੋ !
ਪਹਿਲੋਂ ਸਾੜ ਕੇ ਜੀਉ ਨਮਾਨੜੇ ਨੂੰ
ਪਿਛੋਂ ਮਲ੍ਹਮਾਂ ਲਾਵਣੇਂ ਲਗਦੀਆਂ ਹੋ !
ਭਾਈ ਸਾਖ ਸਨ ਜੋ ਤੁਸਾਂ ਵੱਖ ਕੀਤੇ,
ਤੁਸੀਂ ਸਾਕ ਕੀ ਸਾਡੀਆਂ ਲਗਦੀਆਂ ਹੋ !
ਵਾਰਿਸ ਸਾਹ ਇਕੱਲੜਾ ਕੀ ਕਰਸੀ,
ਤੁਸੀਂ ਸੱਤ ਤੇ ਇਕੱਠੀਆਂ ਵਗਦੀਆਂ ਹੋ !

ਕਲਾਮ ਮੁੱਲਾਂ

ਮੁੱਲਾਂ ਆਖਿਆ ਚੂੜੀਆਂ ਵੇਖਦਿਆਂ ਹੀ,
ਗ਼ੈਰ ਸ਼ਰਾ ਤੂੰ ਕੌਣ ਹੈਂ ਦੂਰ ਹੋ, ਓਇ !
ਏਥੇ ਲੁੱਚਿਆਂ ਦੀ ਨਹੀਂ ਥਾਉਂ ਕਾਈ,
ਪਟੇ ਦੂਰ ਕਰ, ਹੱਕ ਮਨਜ਼ੂਰ ਹੋ, ਓਇ !
ਅਨਲਹਕ ਤੂੰ ਕਹਿਨਾ ਏਂ ਕਿਬਰ ਕਰ ਕੇ,
ਓੜਕ ਮਰੇਂਗਾ ਵਾਂਗ ਮਨਸੂਰ ਹੋ, ਓਇ !
ਵਾਰਸ ਸ਼ਾਹ ਨਾ ਹਿੰਗ ਦੀ ਬਾਸ ਛੁਪਦੀ,
ਭਾਵੇਂ ਰਸਮਿਸੀ ਵਿਚ ਕਪੂਰ ਹੋ, ਓਇ !

ਜਵਾਬ. ਰਾਂਝਾ

ਦਾੜ੍ਹੀ ਸ਼ੇਖ ਦੀ, ਅਮਲ ਸ਼ੈਤਾਨ ਵਾਲੇ,
ਕੇਹਾ ਗਣਿਓ ਜਾਂਦਿਆਂ ਰਾਹੀਆਂ ਨੂੰ ।
ਅਗੇ ਕੱਢ ਕੁਰਾਨ ਚੜ੍ਹ ਬਹੇਂ ਮਿੰਬਰ,
ਕੇਹਾ ਅੱਢਿਓ ਮਕਰ ਦੀਆਂ ਫਾਹੀਆਂ ਨੂੰ ।
ਇਹ ਪਲੀਦ ਤੇ ਪਾਕ ਦਾ ਕਰੋ ਵਾਕਿਫ,
ਅਸੀਂ ਜਾਣੀਏ ਸ਼ਰਾ ਗਵਾਹੀਆਂ ਨੂੰ ।
ਜਿਹੜੇ ਥਾਉਂ ਨਾਪਾਕ ਲੈ ਵਿਚ ਵੜਿਓਂ,
ਸ਼ੁਕਰ ਰੱਬ ਦੀਆਂ ਬੇਪਰਵਾਹੀਆਂ ਨੂੰ ।

ਰਾਂਝੇ ਨੇ ਮਸਜਿਦੋਂ ਰਵਾਨਾ ਹੋਣਾ

ਚਿੜ੍ਹੀ ਚੂੰਕਦੀ ਨਾਲ ਉਠਿ ਤੁਰੇ ਪਾਂਧੀ,
ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ ।
ਉੱਠ ਗੁਸਲ ਦੇ ਵਾਸਤੇ ਜਾਣ ਦੌੜੇ,
ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੀ ।
ਰਾਂਝੇ ਕੂਚ ਕੀਤਾ, ਆਇਆ ਨਦੀ ਉੱਤੇ,
ਸਾਬ ਲੱਦਿਆ ਪਾਰ ਮੁਹਾਣੀਆਂ ਨੀ ।
ਵਾਰਿਸ ਸਾਹ ਮੀਆਂ ਲੁਡਨ ਵੱਡਾ ਕੁਬਣ,
ਕੁੱਪਾ ਸ਼ਹਿਦ ਦਾ ਲੱਦਿਆ ਬਾਣੀਆਂ ਨੀ ।

ਹੀਰ ਰਾਂਝੇ ਨੂੰ ਜਗਾਉਂਦੀ ਹੈ

ਉਠੀਂ, ਸੁਤਿਆ, ਸੇਜ ਅਸਾਡੜੀ ਤੋਂ,
ਲੰਮਾ ਸੁਸਰੀ ਵਾਂਗ ਕੀ ਪਿਆ ਹੈਂ ਵੇ ।
ਰਾਤੀਂ ਕਿਤੇ ਉਨੀਂਦੜਾ ਕਟਿਓ ਈ,
ਐਡੀ ਨੀਂਦ ਵਾਲਾ ਲੁੜ੍ਹ ਗਿਆ ਹੈਂ ਵੇ ।
ਸੁੰਵੀ ਦੇਖਿ ਨਖਸਮੜੀ ਸੇਜ ਮੇਰੀ,
ਕੋਈ ਆਲਸੀ ਆਣ ਢਹਿ ਪਿਆ ਹੈਂ ਵੇ ।
ਕੋਈ ਤਾਪ ਕਿ ਭੂਤ ਕਿ ਜਿੰਨ ਲਗਾ,
ਇਕੋ ਡਾਇਣ ਕਿਸੇ ਭੱਖ ਲਿਆ ਹੈਂ ਵੇ ।
ਵਾਰਿਸ ਸ਼ਾਹ, ਤੂੰ ਜੀਉਂਦਾ ਘੂਕ ਸੁਤੋਂ,
ਇਕੋ ਮੌਤ ਆਈ ਮਰ ਗਿਆ ਹੈਂ ਵੇ ।

ਹੀਰ ਨੇ ਮਿਹਰਬਾਨ ਹੋਣਾ

ਕੂਕਾਂ ਮਾਰਦੀ ਮਾਰਦੀ ਪਕੜਿ ਝੰਮਕ,
ਪਰੀ ਆਦਮੀ ਤੇ ਕਹਿਰਵਾਨ ਹੋਈ ।
ਰਾਂਝੇ ਉੱਠ ਕੇ ਆਖਿਆ, ਵਾਹ ਸੱਜਨ,
ਹੀਰ ਹੱਸ ਕੇ ਤੇ ਮਿਹਰਬਾਨ ਹੋਈ ।
ਕਛੇ ਵੰਝਲੀ, ਕੰਨਾਂ ਦੇ ਵਿਚ ਵਾਲੇ,
ਜ਼ੁਲਫ ਮੁਖੜੇ ਤੇ ਪਰੇਸ਼ਾਨ ਹੋਈ ।
ਭਿੰਨੇ ਵਾਲ ਚੁੰਨੇ, ਮੱਥੇ ਚੰਦ ਰਾਂਝਾ,
ਨੈਣੀਂ ਕਜਲੇ ਦੀ ਘਮਸਾਨ ਹੋਈ ।
ਸੂਰਤ ਯੂਸਫ਼ ਦੀ ਦੇਖ ਤੈਮੂਸ ਬੇਟੀ,
ਸਣੇ ਮਲਕੇ ਬਹੁਤ ਹੈਰਾਨ ਹੋਈ ।
ਨੈਣ ਮਸਤ ਕਲੇਜੜੇ ਵਿਚ ਧਾਣੇ,
ਜਿਵੇਂ ਤਿਖੜੀ ਨੋਕ ਸਿਨਾਨ ਹੋਈ ।
ਰੂਪ ਜੱਟ ਦਾ ਵੇਖ ਕੇ ਜਾਗ ਲੱਧੀ,
ਹੀਰ ਵਾਰ ਘੱਤੀ ਸਰਗਰਦਾਨ ਹੋਈ ।
ਆਇ ਬਗਲ ਵਿਚ ਬੈਠ ਕੇ ਕਰੇ ਗੱਲਾਂ,
ਜਿਵੇਂ ਵਿਚ ਗਿਰਬਾਨ ਕਮਾਨ ਹੋਈ ।
ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ,
ਕਾਈ ਨਹੀਂ ਸੀ ਗੱਲ ਬੇਸ਼ਾਨ ਹੋਈ ।
ਵਾਰਿਸ ਸ਼ਾਹ, ਨਾ ਥਾਉਂ ਦਮ ਮਾਰਨੇ ਦੀ,
ਚਾਰ ਚਸ਼ਮ ਦੀ ਜਦੋਂ ਘਮਸਾਨ ਹੋਈ ।

ਕਲਾਮ ਰਾਂਝਾ

ਤੁਸਾਂ ਜੇਹੇ ਮਾਸ਼ੂਕ ਜੇ ਹੋਣ ਰਾਜ਼ੀ,
ਮੰਗੂ ਨੈਣਾਂ ਦੀ ਧਾਰ ਵਿਚ ਚਾਰੀਏ ਨੀ ।
ਨੈਣਾਂ ਤੇਰਿਆਂ ਦੇ ਅਸੀਂ ਚਾਕ ਹੋਏ,
ਜਿਵੇਂ ਜੀਉ ਮੰਨੇ ਤਿਵੇਂ ਸਾਰੀਏ ਨੀ ।
ਕਿਥੋਂ ਗੱਲ ਕੀਚੇ ਨਿੱਤ ਨਾਲ ਤੁਸਾਂ,
ਕੋਈ ਬੈਠ ਵਿਚਾਰ ਵਿਚਾਰੀਏ ਨੀ ।
ਗਲਿ ਘੱਤ ਜੰਜਾਲ ਕੰਗਾਲ ਮਾਰੇਂ,
ਜਾਇ ਤਿੰਵਣੀ ਵੜੇਂ, ਕੁਆਰੀਏ ਨੀ ।

ਕਲਾਮ ਹੀਰ

ਹੱਥ ਬਧੜੀ ਰਹਾਂ ਗੁਲਾਮ ਤੇਰੀ,
ਸਣੇ ਤ੍ਰਿੰਞਣੀ ਨਾਲ ਸਹੇਲੀਆਂ ਦੇ ।
ਹੋਸਣ ਨਿੱਤ ਬਹਾਰ ਤੇ ਰੰਗ ਗੂਹੜੇ,
ਵਿਚ ਬੇਲਿਆਂ ਦੇ ਨਾਲ ਬੇਲੀਆਂ ਦੇ ।
ਸਾਨੂੰ ਰੱਬ ਨੇ ਚਾਕ ਮਿਲਾਇ ਦਿੱਤਾ,
ਭੁੱਲ ਗਏ ਪਿਆਰ ਅਲਬੇਲੀਆਂ ਦੇ ।
ਦਿਨੇਂ ਬੇਲਿਆਂ ਦੇ ਵਿਚ ਕਰੀਂ ਮੌਜਾਂ,
ਰਾਤੀਂ ਖੇਡਸਾਂ ਵਿਚ ਹਵੇਲੀਆਂ ਦੇ ।

ਕਲਾਮ ਰਾਂਝਾ

ਨਾਲ ਨਢੀਆਂ ਘਿੰਨ ਕੇ ਚਰਖੜੇ ਨੂੰ,
ਤੁਸਾਂ ਬੈਵਣਾ ਵਿਚ ਭੰਡਾਰ, ਹੀਰੇ ।
ਅਸੀਂ ਆਣ ਰੁਲਾਂਗੇ ਵਿਚ ਵਿਹੜੇ,
ਡੀਸਾ ਕੋਈ ਨ ਲਏਗਾ ਸਾਰ, ਹੀਰੇ ।
ਟਿੱਕੀ ਦੇਇ ਕੇ ਵਿਹੜਿਓਂ ਕੱਢਿ ਛਡੇਂ,
ਸਾਨੂੰ ਠੱਗ ਕੇ ਮੂਲ ਨਾ ਮਾਰ ਹੀਰੇ ।
ਅਸਾਂ ਨਾਲ ਜੇ ਤੋੜ ਨਿਬਾਹੁਣੀ ਏਂ,
ਸੱਚਾ ਦੇਹ ਖਾਂ ਕੋਲ ਕਰਾਰ ਹੀਰੇ ।

ਰਾਂਝੇ ਅਗੇ ਹੀਰ ਨੇ ਕਸਮ ਖਾਣੀ

ਮੈਨੂੰ ਬਾਬਲੇ ਦੀ ਕਸਮ, ਰਾਂਝਿਆਂ ਵੇ,
ਮਰੇ ਮਾਉਂ ਜੇ ਤੁਧ ਥੀਂ ਮੁੱਖ ਮੋੜਾਂ ।
ਤੇਰੇ ਬਾਝ ਤੁਆਮ ਹਰਾਮ ਮੈਨੂੰ,
ਤੁਧ ਬਾਝ ਨਾ ਨੈਣ ਨਾ ਅੰਗ ਜੋੜਾਂ ।
ਖੁਆਜਾ ਖ਼ਿਜ਼ਰ ਤੇ ਬੈਠ ਕੇ ਕਸਮ ਖਾਧੀ,
ਥੀਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ ।
ਕੁਹੜੀ ਹੋਇ ਕੇ ਨੈਣ ਪਰਾਣ ਜਾਵਣ,
ਵਾਰਸਿ ਸ਼ਾਹ ਦੇ ਬਾਝ ਜੇ ਕੰਤ ਲੋੜਾਂ ।

ਪੰਜਾਂ ਪੀਰਾਂ ਦੀ ਮੁਲਾਕਾਤ

ਬੋਲੇ ਰੱਬ ਦਾ ਨਾਮ ਲੈ ਜਾ ਵੜਿਆ,
ਹੋਇਆ ਧੁੱਪ ਦੇ ਨਾਲ ਜ਼ਹੀਰ ਮੀਆਂ ।
ਉਹਦੀ ਨੇਕ ਸਾਇਤ ਰੁਜੂ ਆਣ ਹੋਈ,
ਮਿਲੇ ਰਾਹ ਜਾਂਦੇ ਪੰਜ ਪੀਰ ਮੀਆਂ ।—
ਬੱਚਾ, ਖਾ ਚੂਰੀ, ਚੋਇ ਮੱਝ ਬੂਰੀ,
ਜੀਉ ਵਿਚ ਨਾ ਹੋ ਦਿਲਗੀਰ, ਮੀਆਂ ।—
ਕਾਈ ਨਢੜੀ ਸੋਹਣੀ ਕਰੋ ਬਖ਼ਸ਼ਿਸ਼,
ਨਾਲ ਰੱਬ ਦੇ ਹੈ ਤੁਸਾਂ ਸੀਰ, ਮੀਆਂ ।—
ਬਖਸ਼ੀ ਹੀਰ ਦਰਬਾਰ ਦੀ ਥੀਂ ਤੁਧ ਤਾਈਂ,
ਸਾਨੂੰ ਯਾਦ ਕਰੀਂ ਭਵੇ ਭੀੜ, ਮੀਆਂ ।—

ਕੈਦੋ, ਲੰਗੜਾ

ਹੀਰ ਗਈ ਜਾਂ ਨਦੀ ਵਲ ਲੈਣ ਪਾਣੀ,
ਕੈਦੋਂ ਆਣ ਕੇ ਮੁੱਖ ਵਿਖਾਉਂਦਾ ਹੈ ।
ਅਸੀਂ ਭੁੱਖ ਨੇ ਬਹੁਤ ਹੈਰਾਨ ਕੀਤੇ,
ਆਣ ਸਵਾਲ ਖ਼ੁਦਾਇ ਦਾ ਪਾਉਂਦਾ ਹੈ ।
ਰਾਂਝੇ ਰੁੱਗ ਭਰ ਕੇ ਚੂਰੀ ਚਾਇ ਦਿਤੀ,
ਲੈ ਕੇ ਤੁਰੰਤ ਉਹ ਪਿੰਡ ਨੂੰ ਧਾਉਂਦਾ ਹੈ ।
ਰਾਂਝਾ ਪੁੱਛਿਆ ਹੀਰ ਨੂੰ, ਇਹ ਲੰਙਾ,
ਹੀਰੇ, ਕੌਣ ਫਕੀਰ ਕਿਸ ਥਾਉਂ ਦਾ ਹੈ ?
ਜਿਵੇਂ ਜ਼ਖ਼ਮ ਤਾਈਂ ਫੇਰ ਪੱਛ ਕੇ ਤੇ,
ਕੋਈ ਉਪਰੋਂ ਲੂਣ ਚਾ ਲਾਉਂਦਾ ਹੈ ।

ਕਲਾਮ ਚੂਚਕ

ਚੂਚਕ ਆਖਦਾ, ਕੂੜੀਆਂ ਕਰੇਂ ਗੱਲਾਂ,
ਹੀਰ ਖੇੜਦੀ ਵਿਚ ਸਹੇਲੀਆਂ ਦੇ ।
ਪੀਂਘਾਂ ਪਾਇ ਕੇ ਸਈਆਂ ਦੇ ਨਾਲ ਝੂਟੇ,
ਤ੍ਰਿੰਵਣ ਜੋੜਦੀ ਵਿਚ ਹਵੇਲੀਆਂ ਦੇ ।
ਏਹੁ ਚੁਗਲ ਜਹਾਨ ਦਾ ਮਗਰ ਲੱਗਾ,
ਫ਼ਕਰ ਜਾਣਦੇ ਹੋ ਨਾਲ ਸੇਲ੍ਹੀਆਂ ਦੇ ।
ਕਦੀ ਨਾਲ ਮਦਾਰੀਆਂ ਭੰਗ ਘੋਟੇ,
ਕਦੀ ਜਾ ਨੱਚੇ ਨਾਲ ਚੇਲਿਆਂ ਦੇ ।
ਨਹੀਂ ਚੂਹੜੇ ਦਾ ਪੁੱਤ ਹੋਵੇ ਸੱਯਦ,
ਘੋੜੇ ਹੋਣ ਨਹੀਂ ਪੁੱਤ ਲੇਲਿਆਂ ਦੇ ।
ਵਾਰਿਸ ਸ਼ਾਹ, ਫ਼ਕੀਰ ਨਾ ਹੋਣ ਹਰਗਿਜ਼,
ਪੁੱਤਰ ਨਾਈਆਂ ਮੋਚੀਆਂ ਤੇਲੀਆਂ ਦੇ ।

ਮਲਕੀ ਚੂਚਕ ਨੂੰ ਆਖਦੀ ਹੈ

(ਹੀਰ ਦੀ ਗੱਲ ਫੈਲ ਜਾਣ ਤੋਂ ਬਾਅਦ)

ਮਲਕੀ ਆਖਦੀ, ਚੂਚਕਾ ਬਣੀ ਔਖੀ,
ਸਾਨੂੰ ਹੀਰ ਦਿਆਂ ਮਿਹਣਿਆਂ ਖ਼ੁਆਰ ਕੀਤਾ ।
ਤਾਨ੍ਹਾ ਦੇਣ ਸ਼ਰੀਕ ਤੇ ਲੋਕ ਸਾਰੇ,
ਚਾਰੇ ਤਰਫ਼ ਖ਼ੁਆਰ ਸੰਸਾਰ ਕੀਤਾ ।
ਵੇਖੋ ਲੱਜ ਸਿਆਲਾਂ ਦੀ ਲਾਹ ਸੱਟੀ,
ਨਢੀ ਹੀਰ ਨੇ ਚਾਕ ਨੂੰ ਯਾਰ ਕੀਤਾ ।
ਜਾਂ ਮੈਂ ਮੱਤ ਦਿਤੀ ਅੱਗੋਂ ਲੜਨ ਲੱਗੀ,
ਲੱਜ ਲਾਹ ਕੇ ਚਸ਼ਮਾਂ ਨੂੰ ਚਾਰ ਕੀਤਾ ।
ਕੱਢ ਚਾਕ ਨੂੰ, ਖੋਹ ਲੈ ਮਹੀਂ ਸੱਭੇ,
ਸਾਡਾ ਚਾਕ ਨੇ ਜੀਉ ਬੇਜ਼ਾਰ ਕੀਤਾ ।
ਇਕੇ ਧੀਉ ਨੂੰ ਚਾ ਗੜੇ ਡੋਬ ਕਰੀਏ,
ਜਾਣੇਂ ਰੱਬ ਨੇ ਚਾ ਗੁਨਾਹਗਾਰ ਕੀਤਾ ।
ਝੱਬ ਵਿਆਹ ਕਰ ਧੀਉ ਨੂੰ ਕੱਢ ਦੇਸੋਂ,
ਸਾਨੂੰ ਠਿੱਠ ਹੈ ਏਸ ਮੁਰਦਾਰ ਕੀਤਾ ।
ਵਾਰਿਸ ਸ਼ਾਹ ਨੂੰ ਹੀਰ ਖ਼ੁਆਰ ਕੀਤਾ,
ਨਹੀਂ ਤਾਂ ਰੱਬ ਸਾਹਿਬ ਸਰਦਾਰ ਕੀਤਾ ।

ਰਾਂਝੇ ਦਾ ਮਹਰ ਚੂਚਕ ਦੇ ਘਰੋਂ ਨਿਕਲਣਾ

ਰਾਂਝਾ ਸੱਟ ਖੁੰਡੀ ਉਤੋਂ ਲਾਹ ਭੂਰਾ,
ਛੱਡ ਚਲਿਆ ਸਭ ਮੰਗਵਾੜ, ਮੀਆਂ ।
ਜੇਹਾ ਚੋਰ ਨੂੰ ਥੜੇ ਦਾ ਖੜਕ ਪਹੁੰਚੇ,
ਛੱਡ ਟੁਰਦਾ ਏ ਸੰਨ੍ਹ ਦਾ ਪਾੜ, ਮੀਆਂ ।
ਦਿਲ ਚਾਇਆ ਦੇਸ ਤੇ ਮੁਲਕ ਉਤੋਂ,
ਉਹਦੇ ਭਾਉ ਦਾ ਬੋਲਿਆ ਹਾੜ, ਮੀਆਂ ।
ਤੇਰੀਆਂ ਖੋਲੀਆਂ ਚੋਰਾਂ ਦੇ ਮਿਲਨ ਸਭੇ,
ਖੜੇ ਖੋਲੀਆਂ ਨੂੰ ਕਈ ਕਾੜ, ਮੀਆਂ ।
ਤੇਰੀ ਧੀਉ ਨੂੰ ਅਸੀਂ ਕੀ ਜਾਣਦੇ ਹਾਂ ?
ਤੈਨੂੰ ਆਂਵਦੀ ਨਜ਼ਰ ਪਹਾੜ, ਮੀਆਂ ।
ਮੈਨੂੰ ਮਹੀਂ ਦੀ ਕੁਝ ਪਰਵਾਹ ਨਾਹੀਂ,
ਨਢੀ ਪਈ ਸੀ ਏਸ ਰਿਹਾੜ, ਮੀਆਂ ।
ਤੇਰੀ ਮਝੀਂ ਦੇ ਕਾਰਣੇ ਰਾਤ ਅੱਧੀ,
ਫਿਰਾਂ ਭੰਨਦਾ ਕਹਰ ਦੇ ਵਾੜ, ਮੀਆਂ ।
ਮੰਗੂ ਮਗਰ ਮੇਰੇ ਹੱਥੋਂ ਆਉਂਦਾ ਏ,
ਮਹੀਂ ਆਪਣੀਆਂ, ਮਹਰ ਜੀ, ਤਾੜ, ਮੀਆਂ ।
ਘੁਟ ਬਹੇਂ ਚਰਾਈਆਂ ਮਹੀਂ ਦੀਆਂ,
ਸਹੀ ਕੀਤਾ ਈ ਕੋਈ ਕਿਰਾੜ, ਮੀਆਂ ।
ਮਹੀਂ ਚਾਰਦਿਆਂ ਹੋਏ ਮਾਸ ਬਾਰਾਂ,
ਅੱਜ ਉਠਿਓ ਅੰਦਰੋਂ ਸਾੜ, ਮੀਆਂ ।
ਵਾਰਿਸ ਸ਼ਾਹ, ਅਗੋਂ ਪੂਰੀ ਨਾਂਹ ਪਈਆਂ,
ਪਿਛੋਂ ਆਇਆ ਸੈਂ ਪੱਤਣਾਂ ਪਾੜ, ਮੀਆਂ ।

ਹੀਰ ਦੀ ਚਿੱਠੀ

ਚੂਚਕ ਸਿਆਲ ਤੋਂ ਲਿਖਿਆ ਨਾਲ ਚੌਰੀ,
ਹੀਰ ਸਿਆਲ ਨੇ ਕਹੀ ਬਤੀਤ ਹੈ ਨੀ ।
ਸਾਡੀ ਖ਼ੈਰ ਹੈ, ਚਾਹੁੰਦੀ ਖ਼ੈਰ ਤੁਸਾਂ,
ਜਿਵੇਂ ਖ਼ਤ ਤੇ ਲਿਖਣ ਦੀ ਰੀਤ ਹੈ ਨੀ ।
ਹੋਰ ਰਾਂਝੇ ਦੀ ਬਾਤ ਜੋ ਲਿਖੀਆ ਜੇ,
ਏਹ ਗੱਲ ਤਾਂ ਬੁਰੀ ਅਨਾ ਨੀਤ ਹੈ ਨੀ ।
ਅਸਾਂ ਰਖਿਆ ਚਾਇ ਕੁਰਾਨ ਜ਼ਾਮਿਨ,
ਕਸਮ ਖਾ ਕੇ ਵਿਚ ਮਸੀਤ ਹੈ ਨੀ ।
ਤੁਸੀਂ ਮਗਰ ਕਿਉਂ ਏਸ ਦੇ ਉੱਠ ਪਈਓ,
ਇਹਦੀ ਨਾਲ ਅਸਾਡੜੇ ਪ੍ਰੀਤ ਹੈ ਨੀ ।
ਅਸਾਂ ਜਾਇ ਤ੍ਰਿੰਵਣਾ ਵਿਚ ਬਹਣਾ,
ਅਸਾਂ ਗਾਣਾ ਏਸ ਦਾ ਗੀਤ ਹੈ ਨੀ ।
ਦਿਨੇ ਛੇੜ ਮਝੀਂ ਵੜੇ ਝਲ ਬੇਲੇ,
ਏਸ ਮੁਡੜੇ ਦਾ ਏਹਾ ਰੀਤ ਹੈ ਨੀ ।
ਰਾਤੀਂ ਆਇ ਕੇ ਅੱਲਾ ਨੂੰ ਯਾਦ ਕਰਦਾ,
ਵਾਰਿਸ ਸ਼ਾਹ ਦੇ ਨਾਲ ਮਸੀਤ ਹੈ ਨੀ ।

ਮੱਝਾਂ ਨਾਲ ਮੁਸ਼ਕਲ

ਮੱਝੀਂ ਚਰਨ ਨਾ ਬਾਝ ਰੰਝੇਟੜੇ ਦੇ,
ਮਾਹੀ ਹੋਰ ਸੱਭੇ ਝੱਖ ਮਾਰ ਰਹੇ ।
ਕਾਈ ਘੁੱਸ ਜਾਏ, ਕਾਈ ਡੁੱਬ ਜਾਏ,
ਕਾਈ ਸੰਨ੍ਹ ਰਹੇ ਕਾਈ ਪਾਰ ਰਹੇ ।
ਸਿਆਲ ਪਕੜ ਹਟਾ ਰਹੇ ਹੋ ਕੁੰਮਾਂ,
ਮਗਰ ਲਗ ਕੇ ਖੋਲੀਆਂ ਚਾਰ ਰਹੇ ।
ਵਾਰਿਸ ਸ਼ਾਹ ਚੂਚਕ ਪਛੋਤਾਂਵਦਾ ਈ,
ਮੰਡੂ ਨਾਂਹ ਚਰੇ ਅਸੀਂ ਹਾਰ ਰਹੇ ।

ਰਾਂਝਾ ਹੀਰ ਨੂੰ

ਰਾਂਝਾ ਆਖਦਾ ਹੀਰ ਨੂੰ ਮਾਉਂ ਤੇਰੀ,
ਸਾਨੂੰ ਫੇਰ ਮੁੜ ਰਾਤ ਨੂੰ ਚੰਮੜੀ ਹੈ ।
ਮੀਆਂ ਮੰਨ ਲੈ ਓਸ ਦੇ ਆਖਣੇ ਨੂੰ,
ਤੇਰੀ ਹੀਰ ਪਿਆਰੀ ਦੀ ਅੰਮੜੀ ਹੈ ।
ਕੀ ਜਾਣੀਏ ਉੱਠ ਕਿਸ ਘੜੀ ਬਹਿਸੀ,
ਅਜੇ ਵਿਆਹ ਦੀ ਵਿੱਥ ਤਾਂ ਲੰਮੜੀ ਹੈ ।
ਵਾਰਿਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ
ਕਿਸੇ ਪੱਲੇ ਨਾ ਬੱਧੜੀ ਦੰਮੜੀ ਹੈ ।

ਚੂਚਕ ਦੇ ਭਾਈ

ਨਾਲ ਰਾਂਝਿਆ ਕਦੀ ਨਾ ਸਾਕ ਕੀਤਾ,
ਨਹੀਂ ਦਿਤੀਆਂ ਅਸਾਂ ਕੁੜਮਾਈਆਂ ਉਏ ।
ਕਿਥੋਂ ਰੁਲਦਿਆਂ ਗੋਲਿਆਂ ਆਇਆਂ ਨੂੰ,
ਦਿਸਣ ਏਹ ਸਿਆਲਾਂ ਦੀਆਂ ਜਾਈਆਂ ਉਏ ।
ਨਾਲ ਖੇੜਿਆਂ ਦੇ ਏਹੁ ਸਾਕ ਕੀਚੇ,
ਦਿੱਤੀ ਮਸਲਹਤ ਸਭਨਾਂ ਭਾਈਆਂ ਉਏ ।
ਭਲਿਆਂ ਸਾਕਾਂ ਦੇ ਨਾਲ ਚਾ ਸਾਕ ਕੀ ਚੇ,
ਵੱਡੇ ਘਰਾਂ ਨੂੰ ਚਾਇ ਵਧਾਈਆਂ ਉਏ ।
ਵਾਰਿਸ ਸ਼ਾਹ ਅੰਗਿਆਰੀਆਂ ਭਖਦੀਆਂ ਵੀ,
ਕਿਸੇ ਵਿਚ ਬਾਰੂਦ ਛਿਪਾਈਆਂ ਉਏ ?

ਹੀਰ

ਅੰਮਾ ਬੱਸ ਕਰ ਗਾਲੀਆਂ ਦੇਹ ਨਾਹੀਂ,
ਗਾਲ੍ਹ ਦਿੱਤਿਆਂ ਵੱਡੜਾ ਪਾਪ ਆਵੇ ।
ਨੀਂਹ ਰੱਬ ਦੀ ਪੱਟਣੀ ਬਹੁਤੀ ਔਖੀ,
ਧੀਆਂ ਮਾਰਿਆਂ ਵੱਡਾ ਸਰਾਪ ਆਵੇ ।
ਲੈ ਜਾਵੇ ਮੈਨੂੰ ਭੱਯਾਂ ਪਿੱਟੜੀ ਨੂੰ,
ਕੋਈ ਗ਼ੈਬ ਦਾ ਸੂਲ ਕਿ ਤਾਪ ਆਵੇ ।
ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ ।

ਸਹੇਲੀਆਂ ਦਾ ਹੀਰ ਪਾਸ ਆਉਣਾ

ਰਲ ਹੀਰ ਤੇ ਆਈਆਂ ਫੇਰ ਸੱਭੇ,
ਰਾਂਝੇ ਯਾਰ ਤੇਰੇ ਸਾਨੂੰ ਘੱਲਿਆ ਈ ।
ਸੋਟਾ ਕੰਮਲੀ ਵੰਝਲੀ ਸੱਟ ਕੇ ਤੇ,
ਛੱਡ ਦੇਸ ਪਰਦੇਸ ਨੂੰ ਚੱਲਿਆ ਈ ।
ਜੇ ਤੈਂ ਅੰਤ ਉਹਨੂੰ ਪਿਛਾ ਦੇਵਣਾ ਸੀ,
ਉਹਦਾ ਕਾਲਜਾ ਕਾਸਨੂੰ ਸੱਲਿਆ ਈ ?
ਅਸਾਂ ਏਤਨੀ ਗੱਲ ਮਾਸੂਮ ਕੀਤੀ,
ਤੇਰਾ ਨਿਕਲ ਈਮਾਨ ਹੁਣ ਚੱਲਿਆ ਈ ।

ਹੀਰ ਨੇ ਆਪਣੀ ਮਾਂ ਨਾਲ ਗੁੱਸੇ ਹੋਣਾ

ਹੀਰ ਮਾਉਂ ਦੇ ਨਾਲ ਆ ਲੜਨ ਲਗੀ,
ਤੁਸੀਂ ਸਾਕ ਕੀਤਾ ਨਾਲ ਜ਼ੋਰੀਆਂ ਦੇ ।
ਕਦੋਂ ਮੰਗਿਆ ਮੁਣਸ ਮੈਂ ਆਣ ਤੈਥੋਂ ?
ਵੈਰ ਕੱਢਿਆ ਨੇ ਨਾਲ ਖੋਰੀਆਂ ਦੇ ।
ਹੁਣ ਕਰੇਂ ਵਲਾਉ ਕਿਉਂ ਅਸਾਂ ਕੋਲੋਂ ?
ਇਹ ਕੰਮ ਨਾ ਹੁੰਦੇ ਨੇ ਚੋਰੀਆਂ ਦੇ ।
ਜਿਹੜੇ ਹੋਣ ਬੇਅਕਲ ਚਾਅ ਲਾਂਵਦੇ ਨੇ,
ਇੱਟਾਂ ਮਾੜੀਆਂ ਦੀਆਂ ਵਿਚ ਮੋਰੀਆਂ ਦੇ ।
ਚਾਇ ਚੁਗਲ ਨੂੰ ਕੂੰਜ ਦਾ ਸਾਕ ਦਿਤੋ,
ਪਰੀ ਬੱਧੀਆਂ ਈ ਗਲ ਢੋਰੀਆਂ ਦੇ ।
ਵਾਰਿਸ ਸ਼ਾਹ ਮੀਆਂ, ਗੰਨਾ ਚੱਖ ਸਾਰਾ,
ਮਜ਼ੇ ਵੇਖ ਲੈ ਪੋਰੀਆਂ ਪੋਰੀਆਂ ਦੇ ।

ਰਾਂਝੇ ਦਾ ਭਰਜਾਈਆਂ ਵਲ ਜਵਾਬ

ਗਈ ਉਮਰ ਤੇ ਵਕਤ ਫਿਰ ਨਹੀਂ ਮੁੜਦੇ,
ਗਏ ਕਰਮ ਤੇ ਭਾਗ ਨਾ ਆਉਂਦੇ ਨੇ ।
ਗਈ ਗੱਲ ਜ਼ਬਾਨ ਥੀਂ ਤੀਰ ਛੁਟਾ,
ਗਏ ਰੂਹ ਕਲਬੂਤ ਨਾ ਆਉਂਦੇ ਨੇ ।
ਗਈ ਜਾਨ ਜਹਾਨ ਤੇ ਛੱਡ ਜੁੱਸਾ,
ਗਏ ਹੋਰ ਸਿਆਣੇ ਫਰਮਾਉਂਦੇ ਨੇ ।
ਮੁੜ ਏਤਨੇ ਫੇਰ ਜੇ ਆਉਂਦੇ ਨੇ,
ਰਾਂਝੇ ਯਾਰ ਹੋਰੀਂ ਮੁੜ ਆਉਂਦੇ ਨੇ,
ਵਾਰਿਸ ਸ਼ਾਹ ਮੀਆਂ ਸਾਨੂੰ ਕੌਣ ਸੱਦੇ,
ਭਾਈ ਭਾਬੀਆਂ ਹੁਨਰ ਚਲਾਉਂਦੇ ਨੇ ।

ਬਾਲ ਨਾਥ ਨੇ ਰਾਂਝੇ ਨੂੰ ਖੁਸ਼ਖਬਰੀ ਦੇਣੀ

ਨਾਥ ਖੋਲ੍ਹ ਅੱਖੀਂ ਕਹਿਆ ਰਾਂਝਣੇ ਨੂੰ,
ਬੱਚਾ, ਜਾਹ ਤੇਰਾ ਕੰਮ ਹੋਇਆ ਈ ।
ਫੁੱਲ ਆਣ ਲੱਗਾ ਉਸ ਬੂਟੜੇ ਨੂੰ,
ਜਿਹੜਾ ਵਿਚ ਦਰਗਾਹ ਦੇ ਬੋਇਆ ਈ ।
ਹੀਰ ਬਖਸ਼ ਦਿਤੀ ਸੱਚੇ ਰੱਬ ਤੈਨੂੰ,
ਮੋਤੀ ਲਾਲ ਦੇ ਨਾਲ ਪੁਰੋਇਆ ਈ ।
ਚੜ੍ਹ ਦੌੜ ਕੇ ਜਿੱਤ ਲੈ ਖੇੜਿਆਂ ਨੂੰ,
ਬੱਚਾ, ਸਉਣ ਤੈਨੂੰ ਭਲਾ ਹੋਇਆ ਈ ।
ਕਮਰ ਕੱਸ ਉਦਾਸੀਆਂ ਬੰਨ੍ਹ ਲਈਆਂ,
ਜੋਗੀ ਤੁਰਤ ਤਿਆਰ ਭੀ ਹੋਇਆ ਈ ।
ਖੁਸ਼ੀ ਹੋਇ ਕੇ ਕਰੋ ਵਿਦਾਇ ਮੈਨੂੰ,
ਹੱਥ ਬੰਨ੍ਹ ਕੇ ਆਣ ਖਲੋਇਆ ਈ ।
ਵਾਰਿਸ ਸ਼ਾਹ, ਜਾਂ ਨਾਥ ਨੇ ਵਿਦਾ ਕੀਤਾ,
ਟਿਲਿਉਂ ਉਤਰਦਾ ਪੱਤਰਾ ਹੋਇਆ ਈ ।

ਕਲਾਮ ਸਹਿਤੀ ਜੋਗੀ ਨਾਲ

(ਹੀਰ ਦੀ ਨਨਾਣ, ਸੈਦੇ ਖੇੜੇ ਦੀ ਭੈਣ)

ਸੱਚ ਆਖ ਤੂੰ, ਰਾਵਲਾ ਕਹੇ ਸਹਿਤੀ,
ਤੇਰਾ ਜੀਉ ਕੇਹੜੀ ਗੱਲ ਲੋੜਦਾ ਏ ।
ਵੇਹੜੇ ਵੜਦਿਆਂ ਰਿੱਕਤਾਂ ਛੇੜੀਆਂ ਨੀ,
ਕੰਡਾ ਵਿਚ ਕਲੇਜੇ ਦੇ ਪੱੜਦਾ ਏ ।
ਬਾਦਸ਼ਾਹਾਂ ਦੇ ਬਾਗ ਵਿਚ ਨਾਲ ਚਾਵੜ,
ਫਿਰੇ ਫੁੱਲ ਗੁਲਾਬ ਦਾ ਤੋੜਦਾ ਏ ।
ਵਾਰਿਸ ਸ਼ਾਹ ਤੂੰ ਸੁਤਰ ਮੁਹਾਰ ਬਾਝੋਂ,
ਡਾਂਗ ਨਾਲ ਕੋਈ ਨਾਹੀਂ ਮੋੜਦਾ ਏ ।

ਕਲਾਮ ਹੀਰ

ਹੀਰ ਆਖਦੀ ਜੋਗੀਆ ਝੂਠ ਆਖੇਂ,
ਕੌਣ ਰੁਠੜੇ ਯਾਰ ਮਨਾਉਂਦਾ ਈ ।
ਐਸਾ ਕੋਈ ਨਾ ਡਿੱਠਾ ਮੈਂ ਢੂੰਡ ਥੱਕੀ,
ਜੇਹੜਾ ਗਇਆਂ ਨੂੰ ਮੋੜ ਲਿਆਉਂਦਾ ਈ ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ,
ਜੇਹੜਾ ਜੀਉ ਦਾ ਰੋਗ ਗਵਾਉਂਦਾ ਈ ।
ਭਲਾ ਦੱਸ ਤਾਂ ਚਿਰੀਂ ਵਿਛੁੰਨਿਆਂ ਨੂੰ,
ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ ।
ਸਾਡਾ ਜੀਉ ਜਾਮਾਂ ਜੇੜ੍ਹਾ ਮੇਲ ਦੇਵੇ,
ਸਿਰ ਸਦਕਾ ਉਸ ਦੇ ਨਾਉਂ ਦਾ ਈ ।
ਭਲਾ ਮੋਏ ਤੇ ਵਿਛੜੇ ਕੌਣ ਮੇਲੇ,
ਐਵੇਂ ਜੀਉੜਾ ਲੋਕ ਵਲਾਉਂਦਾ ਈ ।
ਇਕ ਬਾਜ਼ ਤੋਂ ਕਾਉਂ ਨੇ ਕੂੰਜ ਖੋਹੀ,
ਵੇਖਾਂ ਚੁੱਪ ਹੈ ਕਿ ਕੁਰਲਾਉਂਦਾ ਈ ।
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ,
ਵੇਖਾਂ ਆਣ ਕੇ ਕਦੋਂ ਬੁਝਾਉਂਦਾ ਈ ।
ਦੇਵਾਂ ਚੂਰੀਆਂ ਘਿਉ ਦੇ ਬਾਲ ਦੀਵੇ,
ਵਾਰਿਸ ਸ਼ਾਹ, ਜੇ ਸੁਣਾ ਮੈਂ ਆਉਂਦਾ ਈ ।

(ਰਾਂਝੇ) ਜੋਗੀ ਦੀ ਪਰੇਸ਼ਾਨੀ

ਧੂਆਂ ਹੂੰਝਦਾ ਰੋਇਕੇ ਆਹ ਮਾਰੇ,
ਰੱਬਾ ਮੇਲ ਕੇ ਯਾਰ ਵਿਛੋੜਿਓ ਕਿਉਂ ?
ਮੇਰਾ ਰੜੇ ਜਹਾਜ਼ ਸੀ ਆਣ ਲੱਗਾ,
ਬੰਨੇ ਲਾਇਕੇ ਫੇਰ ਮੁੜ ਬੋੜਿਓ ਕਿਉਂ ?
ਕੋਈ ਅਸਾਂ ਥੀਂ ਵੱਡਾ ਗੁਨਾਹ ਹੋਇਆ,
ਸਾਥ ਫਜ਼ਲ ਦਾ ਲੱਦਿ ਕੇ ਮੋੜਿਓ ਕਿਉਂ ?
ਵਾਰਿਸ ਸ਼ਾਹ, ਇਬਾਦਤਾਂ ਛੱਡ ਕੇ ਤੇ,
ਦਿਲ ਨਾਲ ਸ਼ੈਤਾਨ ਦੇ ਜੋੜਿਓ ਕਿਉਂ ।

ਰੰਗਪੁਰ ਦੀਆਂ ਕੁੜੀਆਂ

ਕੁੜੀ ਆਖਿਆ, ਮਾਰ ਨਾ, ਬਾਹੁੜੀ ਏ,
ਮਰ ਜਾਊਂਗੀ, ਅਹਿਲ, ਦੀਵਾਨਿਆ ਵੇ ।
ਲਗੇ ਫਾਹੁੜੀ. ਬਾਹੁੜੀ, ਮਰਾਂ ਜਾਨੋਂ,
ਰਖ ਲਈਂ, ਮੀਆਂ ਮਸਤਾਨਿਆਂ ਵੇ ।
ਅਜ਼ਰਾਈਲ ਜਦ, ਆਣ ਕੇ ਬਹੇ ਬੂਹੇ,
ਨਹੀਂ ਛੱਡਦਾ ਨਾਲ ਬਹਾਨਿਆਂ ਵੇ ।
ਤੇਰੀ ਡੀਲ ਹੈ ਦੇਉ ਦੀ, ਅਸੀਂ ਪਰੀਆਂ,
ਇਕ ਲੱਤ ਲੱਗੀ ਮਰ ਜਾਨੀਆਂ ਵੇ ।
ਗੱਲ ਦੱਸਣੀ ਊਂ ਜਿਹੜੀ ਦੱਸ ਮੈਨੂੰ,
ਤੇਰਾ ਲਈ ਸੁਨੇਹੜਾ ਜਾਨੀਆਂ ਵੇ ।
ਮੇਰੀ ਚਾਚੀ ਹੈ ਇਹ ਜਿਹੜੀ ਤੁਧ ਬੋਲਣ.
ਅਸੀਂ ਹਾਲ ਤੋਂ ਨਹੀਂ ਬੇਗਾਨੀਆਂ ਵੇ ।
ਤੇਰੇ ਵਾਸਤੇ ਓਸ ਦੀ ਕਰਾਂ ਮਿੰਨਤ,
ਜਾਏ ਹੀਰ ਅਗੇ ਟਟਿਆਨੀਆਂ ਵੇਂ ।
ਵਾਰਿਸ ਸ਼ਾਹ ਦੀ ਕਰੀਂ ਮੁਰਾਦ ਹਾਸਿਲ,
ਕੁਲ ਖ਼ਲਕ ਦੇ ਕੰਮ ਦਿਆ ਬਾਨੀਆਂ ਵੇ ।

ਸਹਿਤੀ ਦੀ ਮਾਰਫ਼ਤ ਜੋਗੀ ਦਾ ਹੀਰ ਨੂੰ ਪੈਗਾਮ

ਲਿਆਉ ਹੀਰ ਸਿਆਲ ਜੋ ਦੀਦ ਕਰੀਏ,
ਆਉ ਜਾਹ, ਓ ਦਿਲਬਰਾ ਵਾਸਤਾ ਈ ।
ਜਾ ਕੇ ਆਖ, ਰਾਂਝਾ ਤੈਨੂੰ ਯਾਦ ਕਰਦਾ,
ਘੁੰਡ ਲਾਹ, ਓ ਦਿਲਬਰਾ ਵਾਸਤਾ ਈ ।
ਸਾਨੂੰ ਮਿਹਰ ਦੇ ਨਾਲ ਵਿਖਾਲ ਸੂਰਤ,
ਮੁਖ ਮਾਹ, ਓ ਦਿਲਬਰਾ ਵਾਸਤਾ ਈ ।
ਜੁਲਫ਼ ਨਾਗ ਵਾਂਗੂੰ ਚੱਕਰ ਘੱਤ ਬੈਠੀ,
ਗਲੋਂ ਲਾਹ, ਓ ਦਿਲਬਰਾ ਵਾਸਤਾ ਈ ।
ਦਿਹੁੰ ਰਾਤ ਨਾ ਜੋਗੀ ਨੂੰ ਟਿਕਣ ਦੇਂਦੀ,
ਤੇਰੀ ਚਾਹ, ਓ ਦਿਲਬਰਾ ਵਾਸਤਾ ਈ ।
ਗਲ ਪੱਲੜਾ ਇਸ਼ਕ ਦੇ ਕੁਠਿਆਂ ਦੇ,
ਮੂੰਹ ਘਾਹ ਓ ਦਿਲਬਰਾ ਵਾਸਤਾ ਈ ।
ਵਾਰਿਸ ਸ਼ਾਹ, ਨਮਾਜ਼ ਦਾ ਫਰਜ਼ ਵੱਡਾ,
ਸਿਰੋਂ ਲਾਹ, ਓ ਦਿਲਬਰਾ ਵਾਸਤਾ ਈ ।

ਹੀਰ ਦੀਆਂ ਸਹੇਲੀਆਂ

ਤੇਰੇ ਚੰਬੇ ਦੇ ਸੇਹਰੇ ਹੁਸਨ ਵਾਲੇ
ਅੱਜ ਕਿਸੇ ਉਸ਼ਨਾਕ ਜੇ ਲੁੱਟ ਲਏ ।

.....

ਜਿਹੜੇ ਨਿੱਤ ਨਿਸ਼ਾਨ ਛੁਪਾਂਵਦੀ ਸੈਂ
ਕਿਸੇ ਤੀਰ ਅੰਦਾਜ਼ ਨੇ ਚੁੱਟ ਲਏ ।

.....

ਕਿਸੇ ਹੋਇ ਬੇਦਰਦ ਕਸ਼ੀਸ਼ ਦਿੱਤੀ,
ਬੰਦ ਬੰਦ ਕਮਾਨ ਦੇ ਟੁੱਟ ਗਏ ।
ਵਾਰਿਸ ਕਿਨ੍ਹਾਂ ਫੁਲੇਲੀਆਂ ਪੀੜੀਏਂ ਤੂੰ,
ਇੱਤਰ ਕੱਢ ਕੇ ਫੋਗ ਨੂੰ ਸੁੱਟ ਗਏ ।

ਹੀਰ ਰਾਂਝੇ ਨੂੰ ਦੇਖਦਿਆਂ ਹੀ

ਮੁੱਠੀ ਮੁੱਠੀ ਮੈਨੂੰ ਕੋਈ ਅਸਰ ਹੋਇਆ,
ਅੱਜ ਕੰਮ ਤੇ ਜੀਉ ਨਾ ਲਗਦਾ ਨੀ ।
ਭੁੱਲੀ ਵਿੱਸਰੀ ਬੂਟੀ ਉਲੰਘ ਆਈ,
ਇਕੋ ਪਿਆ ਭੁਲਾਵੜਾ ਠੱਗ ਦਾ ਨੀ ।
ਤੇਵਰ ਲਾਲ ਮੈਨੂੰ ਅੱਜ ਖੇੜਿਆਂ ਦਾ,
ਜਿਵੇਂ ਲੱਗੇ ਅਲੰਬੜਾ ਅੱਗ ਦਾ ਨੀ ।
ਮੈਨੂੰ ਯਾਦ ਆਏ ਅੱਜ ਸੋਈ ਸੱਜਣ,
ਜੈਂਦਾ ਮਗਰ ਉਲਾਂਭੜਾ ਜੱਗ ਦਾ ਨੀ ।
ਖੁਲ੍ਹ ਖੁਲ੍ਹ ਜਾਂਦੇ ਬੰਦ ਚੋਲੜੀ ਦੇ,
ਅੱਜ ਗਲ ਮੈਂਡੇ ਕੋਈ ਲੱਗਦਾ ਨੀ ।
ਘਰ ਬਾਰ ਵਿਚੋਂ ਡਰਨ ਆਂਵਦਾ ਏ,
ਜਿਵੇਂ ਕਿਸੇ ਤਤਾਰ ਜਾਂ ਅੱਗ ਦਾ ਨੀ ।
ਇਕੋ ਜੋਬਨ ਦੀ ਨਈਂ ਨੇ ਠਾਠ ਦਿੱਤੀ,
ਬੂੰਬਾਂ ਆਂਵਦਾ ਪਾਣੀ ਤੇ ਝੱਗ ਦਾ ਨੀ ।
ਵਾਰਿਸ ਸ਼ਾਹ ਬੁਲਾਓ ਨਾ ਮੂਲ ਮੈਨੂੰ,
ਸਾਨੂੰ ਭਲਾ ਨਾਹੀਂ ਕੋਈ ਲੱਗਦਾ ਨੀ ।

ਸਹਿਤੀ ਨੇ ਆਪਣੀ ਮਾਉਂ ਅੱਗੇ ਹੀਰ ਦਾ ਹਾਲ ਜ਼ਾਹਿਰ ਕਰਨਾ

ਅਸੀਂ ਵਿਆਹ ਆਂਦੀ, ਕੂੰਜ ਫਾਹ ਆਂਦੀ,
ਸਾਡੀ ਭਾਇ ਦੀ ਬਣੀ ਹੈ ਔਖੜੀ ਨੀ ।
ਵੇਖ ਹਕ ਹਲਾਲ ਨੂੰ ਅੱਗ ਲਗੁਸ,
ਰਹੇ ਖਸਮ ਦੇ ਨਾਲ ਇਹੋ ਕੋਠੜੀ ਨੀ ।
ਜਿਦਾਂ ਆਈ ਤਦੋਕਣੀ ਰਹੀ ਢਠੀ,
ਕਦੀ ਹੋ ਨਾ ਬੈਠੀਆਂ ਸੋਖੜੀ ਨੀ ।
ਲਾਹੂ ਲੱਥੜੀ ਜਦਾਂ ਦੀ ਵਿਆਹ ਆਂਦੀ,
ਅੱਗ ਕਲਹ ਦੀ ਜਰਦ ਹੈ ਚੋਖੜੀ ਨੀ ।
ਘਰਾਂ ਵਿਚ ਹੁੰਦੀ ਨੂੰਹਾਂ ਨਾਲ ਵਸੋਂ,
ਏਹ ਉਜਾੜ ਦਾ ਮੂਲ ਹੈ ਛੋਕਰੀ ਨੀ ।
ਵਾਰਿਸ ਸ਼ਾਹ, ਏਹ ਅੰਨ ਨਾ ਦੁੱਧ ਲੈਂਦੀ,
ਦੁੱਖ ਨਾਲ ਸੁਕਾਉਂਦੀ ਕੋਖੜੀ ਨੀ ।

ਕਲਾਮ ਸ਼ਾਇਰ

ਇਕ ਇਸ਼ਕ ਤੇ ਇਫ਼ਤਰੇ ਲਖ ਕਰਨੇ,
ਬਹੁਤ ਔਖੀਆਂ ਯਾਰਾਂ ਦੀਆਂ ਯਾਰੀਆਂ ਨੀ ।
ਕੇੜਾ ਪਾੜਨਾ ਪਾੜਿਆ ਯਾਰ ਪਿਛੇ,
ਸੱਦ ਘੱਲੀਆਂ ਸਭ ਕੁਆਰੀਆਂ ਨੀ ।
ਇਨ੍ਹਾਂ ਯਾਰੀਆਂ ਰਾਣੇ ਫਕੀਰ ਕੀਤੇ,
ਅਸੀਂ ਕੈਂਹਦੀਆਂ ਪਨ-ਹਾਰੀਆਂ ਨੀ ।
ਕੋਈ ਹੀਰ ਨੇ ਨਵਾਂ ਨਾ ਇਸ਼ਕ ਕੀਤਾ,
ਇਸ਼ਕ ਕੀਤਾ ਹੈ ਖਲਕੜਾਂ ਸਾਰੀਆਂ ਨੀ ।
ਇਸ਼ਕ ਸੋਹਣੀ ਜੇਹੀਆਂ ਸੂਰਤਾਂ ਭੀ,
ਡੁੱਬ ਵਿਚ ਦਰਯਾ ਦੇ ਮਾਰੀਆਂ ਨੀ ।
ਮਿਰਜ਼ੇ ਜੇਹੀਆਂ ਸੂਰਤਾਂ ਸਵੀਂ ਸੰਝੀ,
ਅੱਗ ਲਾਇ ਕੇ ਬਾਰ ਵਿਚ ਸਾੜੀਆਂ ਨੀ ।
ਸੱਸੀ ਜੇਹੀਆਂ ਸੂਰਤਾਂ ਵਿਚ ਥਲਾਂ,
ਏਸ ਇਸ਼ਕ ਰੁਲਾਇ ਕੇ ਮਾਰੀਆਂ ਨੀ ।
ਵਾਰਿਸ ਸ਼ਾਹ ਜਹਾਨ ਦੇ ਚਲਨ ਨਿਆਰੇ,
ਅਤੇ ਇਸ਼ਕ ਦੀਆਂ ਧੁਜਾਂ ਨਿਆਰੀਆਂ ਨੀ ।

ਹੀਰ ਦਾ ਫ਼ੌਤ ਹੋ ਜਾਣਾ

ਡੇਰਾ ਪੁੱਛ ਕੇ ਧੀਦੋ ਦਾ ਜਾਇ ਵੜਿਆ,
ਖਤ ਰੋਇ ਕੇ ਹੱਥ ਫੜਾਇਆ ਈ ।
ਰਾਂਝੇ ਪੁੱਛਿਆ, ਖਬਰ ਕੀ ਲਿਆਇਆ ਏਂ,
ਮੂੰਹ ਕਾਸਨੂੰ ਬੁਰਾ ਬਣਾਇਆ ਈ ?
ਮੇਰੇ ਮਾਲ ਨੂੰ ਖੈਰ ਹੈ, ਕਾਸਿਦਾ ਓਏ,
ਆਖ ਕਾਸਨੂੰ ਡੁਸਕਣਾ ਲਾਇਆ ਈ ।
ਤੇਰੇ ਮਾਲ ਨੂੰ ਧਾੜਵੀ ਉਹ ਪਿਆ
ਜਿਸ ਤੋਂ ਕਦੀ ਨਾ ਕਿਸੇ ਛੁਡਾਇਆ ਈ ।
ਹੀਰ ਮੋਈ ਨੂੰ ਅੱਠਵਾਂ ਪਹਿਰ ਹੋਇਆ,
ਮੈਨੂੰ ਸਿਆਲਾਂ ਨੇ ਅੱਜ ਭਿਜਵਾਇਆ ਈ ।
ਹੁਣ ਮਾਜ਼ੂਲ ਹੰਇਓਂ ਤਖਤ ਜ਼ਿੰਦਗੀ ਤੋਂ,
ਫਰਮਾਨ ਤਗੀਅਰ ਦਾ ਆਇਆ ਈ ।

ਕਿਤਾਬ ਖਤਮ ਹੋਣ ਤੇ ਵਾਰਿਸ ਸ਼ਾਹ ਦਾ ਕਲਾਮ (੧)

ਸੈਨ ਯਾਰਾਂ ਸੋ ਅੱਸੀਆਂ ਨਬੀ ਹਿਜਰੀ,
ਲੰਮੇ ਦੇਸ ਦੇ ਵਿਚ ਤਿਆਰ ਹੋਈ ।
ਅੱਠਾਰਾਂ ਸੈ ਤ੍ਰੈ ਬੀਸੀਆਂ ਸੰਮਤਾਂ ਦਾ,
ਰਾਜੇ ਬਿਕ੍ਰਮਾਜੀਤ ਦੇ ਸਾਰ ਹੋਈ ।
ਪਿਆ ਦੇਸ ਦੇ ਵਿਚ ਹੈ ਬਹੁਤ ਰੌਲਾ,
ਹਰ ਕਿਸੇ ਦੇ ਹੱਥ ਤਲਵਾਰ ਹੋਈ ।
ਜਦੋਂ ਦੇਸ ਦੇ ਜੱਟ ਸਰਦਾਰ ਹੋਏ,
ਘਰੋ ਘਰੀ ਨਵੀਂ ਸਰਕਾਰ ਹੋਈ ।
ਅਸ਼ਰਫ ਖ਼ਰਾਬ ਕਮੀਨ ਤਾਜ਼ੇ,
ਜ਼ਿਮੀਦਾਰ ਨੂੰ ਵੱਡੀ ਬਹਾਰ ਹੋਈ ।
ਚੌਰ ਚੌਧਰੀ, ਯਾਰਨੀ ਪਾਕ ਦਾਮਨ,
ਭੂਤ ਮੰਡਲੀ ਇਕ ਦੋ ਚਾਰ ਹੋਈ ।
ਵਾਰਿਸ, ਜਿਨ੍ਹਾਂ ਨੇ ਆਖਿਆ ਪਾਕ ਕਲਮਾ,
ਬੇੜੀ ਤਿਨ੍ਹਾਂ ਦੀ ਆਕ਼ਬਤ ਪਾਰ ਹੋਈ ।

ਕਲਾਮ ਵਾਰਿਸ (੨)

ਖਰਲ ਹਾਂਸ ਦਾ ਸ਼ਹਰ ਮਸ਼ਹੂਰ ਮਲਕਾਂ,
ਤਿਥੇ ਸ਼ਿਅਰ ਕੀਤਾ ਨਾਲ ਰਾਸ ਦੇ ਮੈਂ ।
ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ,
ਘੋੜਾ ਫੇਰਿਆ ਵਿਚ ਨੱਖਾਸ ਦੇ ਮੈਂ ।
ਪੜ੍ਹਨ ਗਭਰੂ ਦਿਲੇ ਵਿਚ ਹੋਣ ਰਾਜ਼ੀ,
ਫੁੱਲ ਬੀਜਿਆ ਵਾਸਤੇ ਬਾਸ ਦੇ ਮੈਂ ।
ਵਾਰਿਸ ਸ਼ਾਹ ਨਾ ਅਸਲ ਦੀ ਰਾਸ ਮੈਥੋਂ,
ਕਰਾਂ ਮਾਨ ਨਮਾਨੜਾ ਕਾਸ ਦੇ ਮੈਂ ।



I. I. A. S. LIBRARY

Acc. No.

This book was issued from the library on the date last stamped. It is due back within one month of its date of issue, if not recalled earlier.



CP&SHPS—519.I.I.A.S./2004-25-6-2004-20000.

ਵਾਰਿਸ ਸ਼ਾਹ ਅਠਾਰ੍ਹਵੀਂ ਸਦੀ ਦਾ ਸਭ ਤੋਂ ਮਹਾਨ ਕਿੱਸਾਕਾਰ ਹੋਇਆ ਹੈ, ਜਿਸ ਨੇ ਪੰਜਾਬੀ ਪਾਠਕਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਨੂੰ ਆਪਣੇ ਅਮਰ ਕਾਵਿ 'ਕਿੱਸਾ ਹੀਰ' ਰਾਹੀਂ ਪ੍ਰਭਾਵਿਤ ਕੀਤਾ ਹੈ। ਪੰਜਾਬੀ ਕਵੀਆਂ ਵਿਚ ਉਹ ਆਪਣੀ ਨਿਵੇਕਲੀ ਥਾਂ ਰਖਦਾ ਹੈ। ਉਹ 'ਕਿੱਸਾ ਹੀਰ' ਦੀ ਪੁਰਾਣ ਕਥਾ ਦੀ ਆਤਮਾ ਤਕ ਪਹੁੰਚਿਆ। ਭਾਵੇਂ ਇਸ ਗਾਥਾ ਨੂੰ ਹੋਰ ਵੀ ਬੜੇ ਕਵੀਆਂ ਨੇ ਕਵਿਤਾ ਵਿਚ ਬਿਆਨ ਕੀਤਾ ਹੈ ਪਰ ਉਸ ਥਾਂ ਤਕ ਕੋਈ ਨਹੀਂ ਪਹੁੰਚ ਸਕਿਆ ਜਿਥੇ ਵਾਰਿਸ ਪਹੁੰਚਿਆ ਹੈ।

ਹੀਰ ਦੇ ਕਿੱਸੇ ਦੇ ਕੋਈ 600 ਦੇ ਕਰੀਬ ਪਹਿਰੇ ਹਨ। ਇਸ ਵਿਚ ਦੋ ਬਦਕਿਸਮਤ ਪ੍ਰੇਮੀਆਂ ਦੀ ਦਾਸਤਾਨ ਹੈ। ਇਹ ਕਿੱਸਾ ਭਾਵੁਕ ਹੈ ਅਤੇ ਵੰਨਗੀ ਦੇ ਪੱਖੋਂ ਬਹੁਤ ਵਿਸ਼ਾਲ ਹੈ। ਇਸ ਕਿੱਸੇ ਨੂੰ ਸ਼ੈਲੀ ਅਤੇ ਸਮਰੱਥਾ ਇਸ ਦੇ ਲੋਕ ਮੁਹਾਵਰੇ ਕਾਰਣ ਪ੍ਰਾਪਤ ਹੋਈ ਹੈ। ਵਾਰਿਸ ਨੇ ਲੋਕ ਬੋਲੀ ਨੂੰ ਸੁੰਦਰ ਅਤੇ ਵੈਭਵਮਈ ਕਵਿਤਾ ਵਿਚ ਬਿਆਨ ਕੀਤਾ ਹੈ। ਲੋਕ ਕਥਨਾਂ ਅਤੇ ਮੁਹਾਵਰਿਆਂ ਨੂੰ ਕਵਿਤਾ ਦੇ ਤਾਣੇ-ਬਾਣੇ ਵਿਚ ਬੁਣਿਆ ਹੈ। ਦਰਅਸਲ ਹੋਰ ਕਿਸੇ ਕਵੀ ਨੇ ਵੀ ਪੰਜਾਬੀ ਤਰਜ਼ੇ-ਜ਼ਿੰਦਗੀ ਨੂੰ ਗੀਤ ਅਤੇ ਕਹਾਣੀ ਵਿਚ ਐਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਹੀਂ ਕੀਤਾ, ਜਿਸ ਤਰ੍ਹਾਂ ਵਾਰਿਸ ਨੇ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਨੇ ਠੀਕ ਹੀ ਕਿਹਾ ਹੈ, "ਵਾਰਿਸ ਦੁਖੀਆਂ ਨੂੰ ਢਾਰਸ ਦੇਣ ਵਾਲਾ ਅਤੇ ਜ਼ਖ਼ਮੀ ਦਿਲਾਂ ਨੂੰ ਮਲੱਹਮ ਲਾਉਣ ਵਾਲਾ ਕਵੀ ਹੋਇਆ ਹੈ।"

ਗੁਰਚਰਨ ਸਿੰਘ (ਜਨਮ 1917) ਪੰਜਾਬੀ ਸਾਹਿਤ ਦਾ ਮਸ਼ਹੂਰ ਕਹਾਣੀਕਾਰ, ਨਾਵਲਕਾਰ, ਨਾਟਕਕਾਰ, ਆਲੋਚਕ, ਕਵੀ, ਜੀਵਨੀ-ਲੇਖਕ ਅਤੇ ਵਿਦਿਆ-ਸ਼ਾਸਤਰੀ ਹੈ। ਆਪ ਨੂੰ ਹੁਣ ਤਕ ਬਹੁਤ ਸਾਰੇ ਇਨਾਮ ਵੀ ਮਿਲ ਚੁਕੇ ਹਨ। ਅੰਗ੍ਰੇਜ਼ੀ ਭਾਸ਼ਾ ਵਿਚ ਇਸ ਅਠ੍ਹਾਰਵੀਂ ਸਦੀ ਦੇ ਪ੍ਰੇਮ-ਪ੍ਰਸੰਗ ਨੂੰ ਲਿਖਣ ਦਾ ਉਦੇਸ਼ ਸਿਰਫ਼ ਇਕੋ ਹੀ ਸੀ ਤੇ ਉਹ ਸੀ ਪੰਜਾਬੀ ਭਾਸ਼ਾ ਨਾ ਜਾਣਨ ਵਾਲੇ ਪਾਠਕਾਂ ਨੂੰ ਇਸ ਕਿੱਸੇ ਤੋਂ ਜਾਣੂ ਕਰਾਉਣਾ।

Library IIAS, Shimla
P 891.421 4 W 25 G
00116254

ਮੁਲ : 15.00